Postal No.-- CHD/0111/2012-14

Regd No. 32212/78

# ਲੁਬਾਣਾ ਸੇਵਕ

ਅਕਤੂਬਰ 2014 ਮਾਸਿਕ ਮੁੱਲ : 15/-

ਅਦਾਰਾ
'ਲੁਬਾਣਾ ਸੇਵਕ'
ਵੱਲੋਂ ਦੇਸ਼-ਵਿਦੇਸ਼
ਵਸਦੇ ਸਮੂਹ ਪੰਜਾਬੀ
ਭਾਈਚਾਰੇ ਨੂੰ
ਬੰਦੀ ਛੋੜ ਦਿਵਸ,
ਅਤੇ ਦਿਵਾਲੀ
ਅਵਸਰ ਦੀਆਂ
ਲੱਖ-ਲੱਖ ਵਧਾਈਆਂ




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# auc̆w dr bwby nwnk dw

ਸਿੱਖਾਂ ਦੇ ਪਹਿਲੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦਾ 546 ਵਾਂ ਪ੍ਰਕਾਸ਼ ਦਿਵਸ 6 ਨਵੰਬਰ, 2014 ਨੂੰ ਸਿੱਖ ਸੰਗਤਾਂ ਵੱਲੋਂ ਬੜੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। **"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜੱਗ ਚਾਨਣ ਹੋਆ"॥** ਦੀ ਰੱਬੀ ਪ੍ਰਕਾਸ਼ ਤੋਂ ਲੈ ਕੇ ਲਗਾਤਾਰ ਦੱਸ ਗੁਰੂ ਸਾਹਿਬਾਨਾਂ ਵਲੋਂ ਰੂਹਾਨੀ ਅੰਮ੍ਰਿਤ ਦੀ ਵਰਖਾ ਹੁੰਦੀ ਰਹੀ ਜੋਤਿ **"ਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ"**। ਉਸ ਤੋਂ ਉਪਰੰਤ ਦਸਮ ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਵਲੋਂ ਸਾਹਿਬ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਸੌਂਪ ਕੇ ਮਨੁੱਖਤਾ ਉੱਤੇ ਸਦਾ ਲਈ ਵੱਡਾ ਪਰਉਪਕਾਰ ਕੀਤਾ ਤੇ **"ਗੁਰੂ ਮਾਨਿਉ ਗ੍ਰੰਥ"** ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬਾਂ ਦੀ ਵਿਚਾਰਧਾਰਾ "ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ" ਨੂੰ ਸਾਰੇ ਗੁਰੂ ਸਾਹਿਬਾਨਾਂ ਨੇ ਅੱਗੇ ਤੋਰਿਆ ਅਤੇ ਅਸਲੀ ਰੂਪ ਵਿਚ ਮਨੁੱਖਤਾ ਦੇ ਸਾਹਮਣੇ ਰੱਖ ਕੇ ਵਿਲੱਖਣ ਧਰਮ ਨੂੰ ਹੋਂਦ ਲਈ ਪਰਪੱਕ ਕੀਤਾ। ਗੁਰੂ ਸਾਹਿਬਾਂ ਨੇ ਆਪਣੀਆਂ ਸ਼ਕਤੀਆਂ ਸਾਧ ਸੰਗਤ ਨੂੰ ਦੇ ਕੇ ਨਿਵਾਜਿਆ ਹੈ। **"ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮੇ ਹੂੰ ਕਰੌ ਨਿਵਾਸ"**। ਜਦੋਂ ਕਦੇ ਵੀ ਸਾਧ ਸੰਗਤ ਦੇ ਰੂਪ ਵਿਚ ਸੱਚੇ ਦਿਲੋਂ ਅਰਦਾਸ ਕਰੀਏ ਤਾਂ ਨਿਡਰ ਅਤੇ ਸ਼ਕਤੀ ਭਰਿਆ ਅਹਿਸਾਸ ਸੱਚੀ ਸ਼ਕਤੀ ਵੱਲ ਤੁਰਦਾ ਹੋਇਆ ਪੂਰਨ ਸਮਰਪਿਤ ਅਤੇ ਵਿਸਵਾਸ਼ ਰਾਹੀਂ ਆਪਣੀਆਂ ਮੰਜ਼ਿਲਾਂ ਪਾਰ ਕਰਦਾ ਹੈ। ਗੁਰੂਆਂ ਵਲੋਂ ਪ੍ਰਦਾਨ ਕੀਤੀ ਇਹੀ ਸ਼ਕਤੀ ਧਰਮੀ, ਸੱਚੇ, ਲੋੜਵੰਦਾਂ ਅਤੇ ਦੱਬੇ ਕੁਚਲੇ ਹਰ ਵਰਗ ਲਈ ਗੁਰੂ ਪਿਆਰੇ ਜਾਨਾਂ ਵਾਰ ਕੇ ਵੀ ਸਹਾਈ ਹੁੰਦੇ ਹਨ। ਸਾਰੇ ਸਿੱਖ ਇਤਿਹਾਸ ਵਿਚ ਗੁਰੂ ਸਿੱਖਾਂ ਨੇ ਮਿੱਠ ਬੋਲੜੇ, ਕਿਰਤੀ, ਯੋਧਾ, ਸਮਾਜ ਸੇਵੀ, ਧਰਮੀ ਅਤੇ ਗਰੀਬਾਂ ਮਜਲੂਮਾਂ ਦੀ ਸਹਾਇਤਾ ਤੇ ਰੱਖਿਆ ਲਈ ਭਰਿਆ ਹੋਇਆ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨੇ ਆਪਣੇ ਸਮੇਂ ਗੁਰੂਆਂ ਦੇ ਹੁਕਮਾਂ ਵਿਚ ਚੱਲ ਕੇ ਤਨ, ਮਨ, ਧਨ ਅਰਪਣ ਕਰਕੇ ਗੁਰੂ ਘਰ ਦੇ ਅਥਾਹ ਸ਼ਰਧਾ ਵਾਲੇ ਸੇਵਕ ਬਣ ਕੇ ਇਤਿਹਾਸ ਰਚੇ ਹਨ। ਇਸ ਦੁਨੀਆਂ ਵਿਚ ਦੁਨਿਆਵੀ ਜ਼ਿੰਮੇਵਾਰੀਆਂ ਮਨੁੱਖ ਲਈ ਸੰਸਾਰੀ ਪੂਰਤੀ ਲਈ ਹਨ ਅਤੇ ਅਧਿਆਤਮਿਕ ਸੰਸਾਰ ਵਿਚੋਂ ਆਤਮਾ ਰੂਪੀ ਫਲ ਖਟਣ ਲਈ ਜ਼ਰੂਰੀ ਹਨ। ਸੰਸਾਰ ਸਮਾਜ ਵਿਚ ਰਹਿੰਦੇ ਹੋਏ ਇਹ ਜ਼ਰੂਰੀ ਹੈ ਸਮੇਂ ਮੁਤਾਬਿਕ ਸਮਾਜ ਵਿਚ ਵਿਚਰਦੇ ਹੋਏ ਲੋਕਾਂ ਦੀ ਜ਼ਰੂਰਤਾਂ ਪ੍ਰਤੀ ਵਚਨਬੱਧ ਹੋਈਏ ਤਾਂ ਜੋ ਉਸਾਰੂ ਸਮਾਜ ਹੋਂਦ ਵਿਚ ਰਹੇ। ਲੜਾਈ ਝਗੜੇ, ਸਮਾਜਿਕ ਬੁਰਾਈਆਂ ਅਤੇ ਨਸ਼ੇ ਤੋਂ ਦੂਰ ਰਹਿ ਕੇ ਦਸਵੰਧ ਦੇਣਾ, ਲੋੜਵੰਦਾਂ ਦੀ ਸਹਾਇਤਾ ਕਰਨਾ ਹੀ ਸਮਾਜ ਨੂੰ ਸਹੀ ਦੇਣ ਹੋਵੇਗੀ ਜੋ ਕਿ ਗੁਰੂ ਸਦਕਾ ਹੀ ਪ੍ਰਾਪਤ ਹੁੰਦੀ ਹੈ।

**"ਅੰਦਰ ਸੱਚਾ ਨੇਹੁ ਲਾਇਆ ਪ੍ਰੀਤਮ ਆਪਣੈ**
**ਤਨ ਮਨ ਹੋਇ ਨਿਹਾਲ ਜਾ ਗੁਰੂ ਦੇਖਾ ਸਾਹਮਣੇ"**




**ਗੁਰਚਰਨ ਸਿੰਘ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**98140-17067**

# ਲੁਬਾਣਾ ਸੇਵਕ


**Chief Editor**
S. Gurcharan Singh
117, Sector-35-A, Chandigarh
M.: 98140-17067

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh Jalandhar
S.E. (Retd.)
63, Ravinder Nagar, Jalandhar
M.: 99882-42425

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
Prof. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

Printed & Published by
Gurcharan Singh for Baba Makhan
Shah Lobana Foundation (Regd.)
Sector 30-A, Chandigarh.

Computer Designing
Walia Paper & Stationer's



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 32 | ਅਕਤੂਬਰ - 2014



1. ਦੀਵਾਲੀ ਦੀ ਰਾਤ ਦੀਵੇ ਬਾਲੀਅਨ 4
2. ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ – ਇਤਿਹਾਸਕ ਪਿਛੋਕੜ 6
3. ਸ਼ਿਲਪ ਕਲਾ ਦੇ ਬਾਨੀ ਬਾਬਾ ਵਿਸ਼ਵਕਰਮਾ 9
4. ਗੁਰ ਸਾਗਰ ਦੇ ਸੁੱਚੇ ਮੋਤੀ 12
5. ਗੰਢਾ 16
6. ਮੇਰਾ ਯੂਰੋਪ ਦਾ ਸਫ਼ਰ 18
7. ਮਨ ਦੀ ਸ਼ਾਂਤੀ ਦਾ ਆਧਾਰ 'ਸੱਚ' 21
8. ਅਨਮੋਲ ਜਿਸਮ 23
9. ਵਿਚਾਰ 23
10. ਲੁਬਾਣਾ ਭਵਨ, ਚੰਡੀਗੜ੍ਹ ਵਿਚ ਰਿਹਾਇਸ਼ੀ ਅਤੇ ਸਮਾਗਮਾਂ ਲਈ ਬੁਕਿੰਗ ਸੰਬੰਧੀ ਰੇਟ ਲਿਸਟ 24
11. ਖੇਡਾਂ ਅਤੇ ਸਿੱਖ ਸੱਭਿਆਚਾਰ 26
12. ਕਾਵਿ–ਕਿਆਰੀ 28
13. Questionnaire of Sikh Religion 29
14. Environmental Pollution Due to Industrial Waste 30
15. Electronic Banking 30
16. ਬਾਬਾ ਮੱਖਣ ਸ਼ਾਹ ਫਾਊਂਡੇਸ਼ਨ ਨੂੰ ਗੁਰੂ ਲਾਧੋ ਰੇ ਦਿਵਸ ਤੇ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ 32
17. ਬਾਬਾ ਮੱਖਣ ਸ਼ਾਹ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ.. 36
18. Matrimonial 38


ਮੇਰਾ ਯੂਰੋਪ ਦਾ ਸਫ਼ਰ




'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

# ਦੀਵਾਲੀ ਦੀ ਰਾਤ ਦੀਵੇ ਬਾਲੀਅਨ



ਦੀਵਾਲੀ ਦੇ ਤਿਉਹਾਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਜ਼ਿਕਰ ਆਉਂਦਾ ਹੈ। ਭਾਈ ਗੁਰਦਾਸ ਜੀ ਦੇ ਇਕ ਸਲੋਕ ਦੀਆਂ ਪੰਕਤੀਆਂ 'ਦੀਵਾਲੀ ਦੀ ਰਾਤ ਦੀਵੇ ਬਾਲੀਅਨ' ਵੀ ਦੀਵਾਲੀ ਬਾਰੇ ਸਹੀ ਤਸਵੀਰ ਪੇਸ਼ ਕਰਦੀਆਂ ਹਨ। ਦੀਵਾਲੀ ਸ਼ਬਦ ਦੀਪਾਵਾਲੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੀਵਿਆਂ ਦੀਆਂ ਮਾਲਾਵਾਂ ਜਾਂ ਕਤਾਰਾਂ। ਦੀਵਾਲੀ ਰੋਸ਼ਨੀਆਂ ਦਾ ਤਿਉਹਾਰ ਹੈ ਪਹਿਲਾਂ ਲੋਕ ਦੀਵਾਲੀ ਵਾਲੀ ਰਾਤ ਆਪਣੇ ਘਰਾਂ ਦੀਆਂ ਕੰਧਾਂ, ਬਨੇਰਿਆਂ ਤੇ ਗੇਟਾਂ ਉੱਤੇ ਦੀਵੇ, ਮੋਮਬੱਤੀਆਂ ਤੇ ਬਿਜਲੀ ਦੇ ਬਲਬ ਆਦਿ ਜਗਾਉਂਦੇ ਸਨ। ਪਰ ਪਿਛਲੇ ਕੁਝ ਸਾਲਾਂ ਤੋਂ ਚਾਈਨਾ (ਚੀਨ) ਦੀਆਂ ਬਣੀਆਂ ਲੜੀਆਂ ਨੇ ਦੀਵੇ ਤੇ ਮੋਮਬੱਤੀਆਂ ਖ਼ਤਮ ਹੀ ਕਰ ਦਿੱਤੀਆਂ ਹਨ। ਸਿਰਫ਼ ਰਸਮ ਪੂਰੀ ਕਰਨ ਲਈ ਹੀ ਕੁਝ ਘਰਾਂ ਵਿਚ ਪੰਜ ਸੱਤ ਦੀਵੇ ਜਗਾਏ ਜਾਂਦੇ ਹਨ। ਦੀਵਾਲੀ ਵਾਲੇ ਦਿਨ ਦੀਵੇ ਰੌਸ਼ਨ ਕਰਨੇ ਜਿੱਤ ਜਾਂ ਖੁਸ਼ੀ ਦਾ ਪ੍ਰਗਟਾਵਾ ਕਰਨ ਵਾਂਗ ਹੈ। ਦੀਵੇ ਆਪ ਜਲ ਕੇ ਦੂਸਰਿਆਂ ਦਾ ਮਾਰਗ ਰੋਸ਼ਨ ਕਰਦੇ ਹਨ ਜੋ ਸਾਨੂੰ ਆਪਣਾ ਆਪ ਵਾਰ ਕੇ ਦੂਸਰਿਆਂ ਦੇ ਕੰਮ ਆਉਣ ਦੀ ਪ੍ਰੇਰਨਾ ਦਿੰਦੇ ਹਨ। ਵੈਸੇ ਦੀਵਾਲੀ ਦਾ ਸਬੰਧ ਪੰਜਾਬੀਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਮੌਕੇ ਤੋਂ ਹੀ ਜੁੜਿਆ ਹੋਇਆ ਹੈ ਪਰ ਇਸ ਦਾ ਵਿਸ਼ੇਸ਼ ਮਹੱਤਵ ਉਦੋਂ ਹੋਰ ਬਣਿਆ ਹੈ ਜਦੋਂ ਸਿੱਖਾਂ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੁਗ਼ਲਾਂ ਦੀ ਕੈਦ ਤੋਂ ਮੁਕਤ ਹੋ ਕੇ ਅਤੇ 52 ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ ਮੁਕਤ ਕਰਵਾ ਕੇ ਬਾਹਰ ਆਏ। ਇਸ ਖੁਸ਼ੀ ਵਿਚ ਲੋਕਾਂ ਨੇ ਦੀਪਮਾਲਾ ਕੀਤੀ। ਪ੍ਰਸਿੱਧ ਇਤਿਹਾਸਕਾਰ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਦੀਵੇ ਜਗਾਉਣ ਦੀ ਰਸਮ ਬਾਬਾ ਬੁੱਢਾ ਸਿੰਘ ਜੀ ਨੇ ਸ਼ੁਰੂ ਕੀਤੀ ਸੀ। ਹਿੰਦੂ ਧਰਮ ਅਨੁਸਾਰ ਇਸ ਦਿਨ ਸ੍ਰੀ ਰਾਮ ਚੰਦਰ ਜੀ ਚੌਦਾਂ ਸਾਲ ਬਨਵਾਸ ਕੱਟ ਕੇ ਲੰਕੇਸ਼ਵਰ ਰਾਵਣ ਤੇ ਉਸਦੀ ਸੈਨਾ ਨੂੰ ਮਾਰ ਕੇ ਸੀਤਾ ਨੂੰ ਆਜ਼ਾਦ ਕਰਾ ਕੇ ਅਯੁੱਧਿਆ ਆਏ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਘਰਾਂ ਦੀਆਂ ਛੱਤਾਂ ਉੱਤੇ ਦੀਵੇ ਜਗਾਏ ਗਏ। ਆਰੀਆ ਸਮਾਜ ਦੇ ਨੇਤਾ ਸਵਾਮੀ ਦਇਆ ਨੰਦ ਅਤੇ ਜੈਨੀਆਂ ਦੇ ਨੇਤਾ ਮਹਾਂਵੀਰ ਜੀ ਨੂੰ ਏਸੇ ਦਿਨ ਨਿਰਵਾਣ ਪ੍ਰਾਪਤ ਹੋਇਆ। ਵੈਸੇ ਇਹ ਤਿਉਹਾਰ ਸਰਦੀ ਰੁੱਤ ਦੇ ਆਗਮਨ ਦਾ ਵੀ ਸੂਚਕ ਹੈ।




ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240


ਦੀਵਾਲੀ ਵੈਸੇ ਤਾਂ ਹਰ ਸ਼ਹਿਰ ਵਿਚ ਮਨਾਈ ਜਾਂਦੀ ਹੈ ਪਰ ਅੰਮ੍ਰਿਤਸਰ ਦੀ ਦੀਵਾਲੀ ਦੀ ਸ਼ਾਨ ਵੱਖਰੀ ਹੈ। ਲੱਖਾਂ ਲੋਕ ਇਥੇ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਆਉਂਦੇ ਹਨ। ਅੰਮ੍ਰਿਤਸਰ ਵਿਚ ਇਹ ਤਿਉਹਾਰ ਇਕ ਹਫ਼ਤਾ ਮਨਾਇਆ ਜਾਂਦਾ ਹੈ। ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਉੱਤੇ ਰੌਸ਼ਨੀ ਦੀ ਸਜਾਵਟ ਦਾ ਬੜਾ ਸੁਹਾਵਣਾ ਦ੍ਰਿਸ਼ ਹੁੰਦਾ ਹੈ। ਰਾਤ ਨੂੰ ਆਤਸ਼ਬਾਜੀ ਚਲਾਈ ਜਾਂਦੀ ਹੈ। ਆਤਸ਼ਬਾਜੀ ਵੇਖਣ ਵਾਲਿਆਂ ਦੀ ਰੌਣਕ ਇੰਨੀਂ ਜ਼ਆਦਾਹੁੰਦੀਹੈ ਕਿਪ ਰਕਰਮਾ ਵਿਚ ਖੜ੍ਹੇ ਹੋਣ ਦੀ ਥਾਂ ਨਹੀਂ ਮਿਲਦੀ। ਬਜ਼ਾਰਾਂ ਦੀ ਸਜਾਵਟ ਬੜੀ ਦਿਲ ਖਿੱਚਵੀਂ ਹੁੰਦੀ ਹੈ ਇਸੇ ਲਈ ਕਿਹਾ ਜਾਂਦਾ ਹੈ। ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।

ਹਰ ਇਨਸਾਨ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਦੀਪਾਂ ਦੇ ਇਸ ਤਿਉਹਾਰ ਦੀਵਾਲੀ ਦਾ ਨਿੱਘ ਆਪਣਿਆਂ ਦੇ ਨਾਲ ਮਨਾਇਆ ਜਾਵੇ। ਸਾਡੇ ਬੰਧਨ, ਸਾਡੇ ਰਿਸ਼ਤੇ-ਨਾਤੇ ਭਾਵੇਂ ਉਹ ਭੈਣ-ਭਰਾ ਦਾ ਹੋਵੇ, ਮਾਂ-ਬਾਪ, ਬੇਟੇ ਜਾਂ ਬੇਟੀ ਦਾ ਹੋਵੇ, ਦੋਸਤੀ ਦਾ, ਪਿਆਰ ਦਾ, ਮੁਹੱਬਤ ਦਾ ਹੋਵੇ। ਇਨ੍ਹਾਂ ਵਿਚਲੇ ਨਿੱਘ ਨੂੰ ਪੂਰੀ ਤਰ੍ਹਾਂ ਮਾਨਣ ਅਤੇ ਹੋਰ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ। ਮੱਸਿਆ ਦੀ ਕਾਲੀ ਰਾਤ ਨੂੰ ਰੁਸ਼ਨਾਉਣਾ, ਪਿਆਰ ਦੇ ਅਹਿਸਾਸਾਂ ਨੂੰ ਜਗਾਉਂਦਾ ਇਹ ਤਿਉਹਾਰ ਕੱਤਕ ਦੀ ਮੱਸਿਆ ਨੂੰ ਹੁੰਦਾ ਹੈ, ਆਮ ਤੌਰ 'ਤੇ ਇਹ ਨਵੰਬਰ ਵਿਚ ਆਉਂਦਾ ਹੈ। ਵੈਸੇ ਇਸ ਤਿਉਹਾਰ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਇਸ ਤਿਉਹਾਰ ਸਮੇਂ ਆਪਣੇ-ਆਪਣੇ ਸੱਜਣਾਂ ਮਿੱਤਰਾਂ, ਸਕੇ-ਸਬੰਧੀਆਂ, ਛੋਟੇ ਭੈਣ ਭਰਾਵਾਂ ਨੂੰ ਤੋਹਫ਼ੇ ਦਿੱਤੇ ਜਾਂਦੇ ਹਨ। ਤੋਹਫ਼ੇ ਹਾਸਲ ਕਰਕੇ ਖੁਸ਼ੀ ਮਹਿਸੂਸ ਹੁੰਦੀ ਹੈ। ਇਹ ਖੁਸ਼ੀ ਉਸ ਸਮੇਂ ਹੋਰ ਵੀ ਦੁੱਗਣੀ ਹੋ ਜਾਂਦੀ ਹੈ ਜਦੋਂ ਕੋਈ ਸਾਡਾ ਪਿਆਰਾ ਸਿਰਫ਼ ਸਾਡੇ ਲਈ ਤੋਹਫ਼ਾ ਲੈ ਕੇ

ਆਉਂਦਾ ਹੈ। ਵੈਸੇ ਤਾਂ ਹਰ ਕੋਈ ਇਹੀ ਕੋਸ਼ਿਸ਼ ਕਰਦਾ ਹੈ ਕਿ ਆਪਣਿਆਂ ਨੂੰ ਕੀਮਤੀ ਤੋਹਫ਼ੇ ਦਿੱਤੇ ਜਾਣ। ਇਹ ਜ਼ਰੂਰੀ ਨਹੀਂ ਕਿ ਤੋਹਫ਼ੇ ਦੀ ਕੀਮਤ ਪੈਸੇ ਵਿਚ ਜ਼ਿਆਦਾ ਹੋਵੇ। ਕੀਮਤ ਤਾਂ ਭਾਵਨਾਵਾਂ ਦੀ ਚਾਹੀਦੀ ਹੈ, ਕਦਰ ਦੀ ਚਾਹੀਦੀ ਹੈ, ਪਿਆਰ ਦੀ ਚਾਹੀਦੀ ਹੈ। ਸਾਡੇ ਸਮਾਜ ਵਿਚ ਬਹੁਤ ਲੋਕ ਅਜਿਹੇ ਹਨ ਜਿਹੜੇ ਤੋਹਫ਼ੇ ਦਾ ਮਤਲਬ ਨਹੀਂ ਸਮਝਦੇ। ਤੋਹਫ਼ੇ ਨੂੰ ਇਕ ਆੜ ਸਮਝਦੇ ਹਨ।

ਇਕ ਸਾਲ ਦੀਵਾਲੀ ਵਾਲੇ ਦਿਨ ਦੀ ਗੱਲ ਹੈ। ਮੈਂ ਆਪਣੇ ਗੁਆਂਢ ਕਿਸੇ ਦੇ ਘਰ ਗਿਆ ਉਨ੍ਹਾਂ ਦੀ ਬਜ਼ੁਰਗ ਮਾਤਾ ਆਪਣੀ ਧੀ ਨੂੰ ਆਖ ਰਹੀ ਸੀ, "ਕੁੜੀਏ ਖਿਆਲ ਰੱਖੀ, ਕੌਣ ਕੀ ਦੇ ਕੇ ਗਿਆ ਏ, ਆਪਾਂ ਕਿਸੇ ਦੀ ਆੜ ਨਹੀਂ ਰੱਖਣੀ।" ਜੇਕਰ ਪਿਆਰ ਦੇ ਇਸ ਤੋਹਫ਼ੇ ਨੂੰ ਆੜ ਸਮਝਿਆ ਜਾਵੇ, ਤੋਹਫ਼ੇ ਦਿੰਦੇ ਸਮੇਂ ਜਾਂ ਲੈਣ ਸਮੇਂ ਹੋਠਾਂ ਤੇ ਪਿਆਰ ਭਰੀ ਮੁਸਕਾਨ ਨਾ ਹੋਵੇ ਤਾਂ ਤੋਹਫ਼ਾ ਅਰਥਹੀਣ ਹੋ ਜਾਂਦਾ ਹੈ। ਜਦੋਂ ਕੋਈ ਸਾਨੂੰ ਤੋਹਫ਼ਾ ਦਿੰਦਾ ਹੈ ਤਾਂ ਉਹ ਤੋਹਫ਼ੇ ਦੀ ਕੀਮਤ ਪੈਸੇ ਵਿਚ ਦੇਖਣ ਦੀ ਬਜਾਏ ਉਸ ਦੀ ਕੀਮਤ ਭਾਵਨਾ ਤੇ ਪਿਆਰ ਵਿਚ ਦੇਖੀ ਜਾਵੇ ਤਾਂ ਉਹ ਜ਼ਿਆਦਾ ਖੁਸ਼ੀ ਪ੍ਰਦਾਨ ਕਰੇਗਾ। ਜੇਕਰ ਪੈਸੇ ਵਿਚ ਕੀਮਤੀ ਤੋਹਫ਼ੇ ਜ਼ਿਆਦਾ ਖੁਸ਼ੀ ਦਿੰਦੇ ਤਾਂ ਤੋਹਫ਼ਿਆਂ ਦਾ ਅਦਾਨ-ਪ੍ਰਦਾਨ ਸਿਰਫ਼ ਅਮੀਰ ਲੋਕਾਂ ਤੱਕ ਹੀ ਸੀਮਤ ਰਹਿ ਜਾਣਾ ਸੀ।

ਵੈਸੇ ਤਾਂ ਪਿਆਰ ਨਾਲ ਦਿੱਤਾ ਹਰ ਤੋਹਫ਼ਾ ਕਦਰਦਾਨ ਦਿਲ ਨਾਲ ਲਾ ਕੇ ਰੱਖਦਾ ਹੈ ਪਰ ਫੇਰ ਸਾਨੂੰ ਤੋਹਫ਼ਾ ਖਰੀਦਨ ਸਮੇਂ ਇਹ ਦੇਖਣਾ ਚਾਹੀਦਾ ਹੈ ਕਿ ਅਸੀਂ ਤੋਹਫ਼ਾ ਜਿਸ ਨੂੰ ਦੇ ਰਹੇ ਹਾਂ ਇਹ ਤੋਹਫ਼ਾ ਉਸ ਵਾਸਤੇ ਕਿੰਨੀ ਕੁ ਅਹਿਮੀਅਤ ਰੱਖਦਾ ਹੈ। ਅਜਿਹਾ ਤੋਹਫ਼ਾ ਹੀ ਖਰੀਦੋ ਜਿਸ ਨੂੰ ਪਾ ਕੇ ਤੁਹਾਡਾ ਪਿਆਰਾ ਸਾਰੀ ਉਮਰ ਤੁਹਾਨੂੰ ਯਾਦ ਰੱਖੇ। ਜ਼ਿਆਦਾਤਰ ਦੀਵਾਲੀ ਦੇ ਮੌਕੇ ਤੇ ਪਟਾਕੇ ਤੋਹਫ਼ੇ ਦੇ ਤੌਰ 'ਤੇ ਦਿੱਤੇ ਜਾਂਦੇ ਹਨ। ਪਟਾਕੇ ਜਿੰਨਾ ਚਿਰ ਚਲਾਏ ਜਾਂਦੇ ਹਨ, ਓਨਾ ਚਿਰ ਤਾਂ ਖੁਸ਼ੀ ਮਹਿਸੂਸ ਹੁੰਦੀ ਹੈ। 'ਪਰ ਰਾਤ ਗਈ ਬਾਤ ਗਈ' ਅਗਲੀ ਸਵੇਰ ਨੂੰ ਤੁਹਾਡੇ ਤੋਹਫ਼ੇ ਸੁਆਹ ਬਣੇ ਹੋਏ ਇਕੱਠੇ ਕਰਕੇ ਕੂੜੇ ਵਿਚ ਸੁੱਟ ਦਿੱਤੇ ਜਾਂਦੇ ਹਨ। ਅਜਿਹਾ ਤੋਹਫ਼ਾ ਦਿਓ ਜੋ ਸਦਾ ਬਹਾਰ ਹੋਵੇ।

ਅੱਜ ਕੱਲ ਮਹਿੰਗਾਈ ਦਾ ਜ਼ਮਾਨਾ ਹੈ ਇਸ ਲਈ ਘਰੇਲ ਬੱਜਟ ਨੂੰ ਦੇਖਦੇ ਹੋਏ ਹੀ ਖਰਚਾ ਕਰਨਾ ਚਾਹੀਦਾ ਹੈ। ਤੁਹਾਡਾ ਪਿਆਰ ਨਾਲ ਦਿੱਤਾ ਹੋਇਆ ਕਾਗਜ਼ ਦਾ ਇਕ ਟੁਕੜਾ ਵੀ ਤੁਹਾਡੇ ਆਪਣਿਆਂ ਨੂੰ ਅਜਿਹੀ ਖੁਸ਼ੀ ਦੇ ਸਕਦਾ ਹੈ ਜਿਸ ਦੀ ਤੁਸੀਂ ਕਾਮਨਾ ਵੀ ਨਹੀਂ ਕਰ ਸਕਦੇ। ਪਰ ਜੇ ਤੋਹਫ਼ਾ ਲੈਣ ਵਾਲਾ ਬੇਕਦਰਾ ਹੈ ਫੇਰ ਤੁਹਾਡਾ ਹਜ਼ਾਰਾਂ-ਲੱਖਾਂ ਦਾ ਤੋਹਫ਼ਾ ਵੀ ਉਸ ਨੂੰ ਖੁਸ਼ੀ ਨਹੀਂ ਦੇ ਸਕਦਾ। ਖੁਸ਼ੀਆਂ ਤੇ ਖੇੜਿਆਂ ਦਾ ਸੂਚਕ ਦੀਵਾਲੀ ਜਦ ਆਉਂਦੀ ਹੈ ਤਾਂ ਮਨ ਖੁਸ਼ੀ ਦੀ ਕਲਪਨਾ ਕਰਦਾ ਹੈ ਪਰ ਜਿਸ ਦੇ ਅੰਦਰ ਵਿਛੋੜੇ ਦਾ ਦਰਦ ਹੋਵੇ, ਜਿਸ ਦਾ ਕੋਈ ਪਿਆਰਾ ਜਿਹਾ ਭੈਣ-ਭਰਾ ਉਸ ਨਾਲ ਕਿਸੇ ਗੱਲੋਂ ਗੁੱਸੇ ਹੋ ਗਿਆ ਹੋਵੇ, ਜਿਸ ਦਾ ਸੱਜਣ ਉਸ ਕੋਲੋਂ ਵਿਛੜ ਗਿਆ ਹੋਵੇ, ਉਸ ਲਈ ਦੀਵਾਲੀ ਦੀ ਰਾਤ ਜੋ ਲੁਕਵਾਂ ਦਰਦ ਮਹਿਸੂਸ ਹੋ ਰਿਹਾ ਹੁੰਦਾ ਹੈ ਉਸ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਰੱਬ ਅੱਗੇ ਇਹੋ ਅਰਦਾਸ ਹੈ ਕਿ ਕਿਸੇ ਲਈ ਵੀ ਅਜਿਹੀ ਦੀਵਾਲੀ ਕਦੇ ਨਾ ਆਵੇ, ਜਿਸ ਵਿਚ ਕਿਸੇ ਦੇ ਵਿਛੋੜੇ ਦਾ ਦਰਦ ਹੋਵੇ। ਸਮੂਹ ਪਾਠਕਾਂ ਦੇ ਘਰ ਮਿਲਾਪ, ਪਿਆਰ, ਖੁਸ਼ੀਆਂ, ਆਪਸੀ ਭਾਈਚਾਰਾ ਅਤੇ ਉੱਚੀ-ਸੁੱਚੀ ਸੋਚ ਦੇ ਦੀਪ ਹਮੇਸ਼ਾ ਜਗਦੇ ਰਹਿਣ। ਸਭ ਦੇ ਦਿਲਾਂ ਦੀ ਨਫ਼ਰਤ ਦੂਰ ਹੋਵੇ ਤੇ ਪਿਆਰ ਦਾ ਦੀਵਾ ਹਮੇਸ਼ਾ ਜਗਦਾ ਰਹੇ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ**

**ਭਗਵਾਨ ਸਿੰਘ ਲੁਬਾਣਾ**

**ਮੋ. 98155-40240**

**lubanabs@yahoo.co.in**

# ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ - ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ (ਗੁਰਪੁਰਵਾਸੀ)

ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ–ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ–ਚੁੜ ਕੇ ਮਰਦਾ ਹੈ। ਮਹਾਰਾਜ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੋ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ।**
**ਸ੍ਰੀ ਗੁਰੂ ਭੋਜਨੁ ਤਿਹ ਕਰਾਵੈ ॥੪੮੩॥**

ਦੋਹਰਾ –

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ




ਅੰਦਰਲੀ ਦਹਲੀਜ਼ ਤੋਂ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ–ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ–ਮਨ–ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ–ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ –

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ

ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ –

**ਸੁਨੋ ਵਜ਼ੀਰ ਤਬੈ ਹੌ ਜਾਵੌਂ।**
**ਜੋ ਬਾਂਧੇ ਸਭਿ ਜੀਵ ਛੁਡਾਵੌਂ ॥੫੩੪॥**

ਦੋਹਰਾ –

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੋਂ ਤੌ ਤੁਮਰੇ ਪਹਿ ਆਇ ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ – ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ –

**ਖਾਂ ਵਜ਼ੀਰ ਕੋ ਸ਼ਾਹ ਅਲਾਇ।**
**ਛੋਰ ਬੰਦਿ ਸਭਿ ਪੀਰ ਲਿਆਇ ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮੁ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਤੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ – ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ –

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੌਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੋ ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ–ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ–ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ ॥੫੯੫॥**

ਬਿਧੀ ਚੰਦ ਨੇ ਕਿਹਾ – ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ – ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ –

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ ॥੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ!

**ਐਸੋ ਸਾਚ ਸ਼ਿੰਗਾਰ ਕਰਿ**
**ਪੁਤ੍ਰੀ ਪਾਇ ਖੁਦਾਇ ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ**
**ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ

ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਸ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ-ਘਰ ਕੋਈ ਰੋਕ ਨਹੀਂ।



ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੌ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**'ਦਰਸ ਤਖ਼ਤ ਕਰਿ ਅਨੰਦ ਚੀਨੀ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ, ਮੁੱਖ ਸੌ ਕੀਨ ਉਚਾਰ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ!

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੈ,**
**ਹਲਤ ਪਲਤ ਨਿਜ ਦੋਇ ਗਵਾਵੈ॥੬੮੮॥**

ਗੁਰੂ ਤਾਂ ਜਨਮ-ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ। ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌਂ ਸੁਨਿ ਕੈ ਮਾਤਾ ਕੇ ਬੈਨਾ। ਜਹਾਂਗੀਰ ਮਨਿ ਆਯੋ ਚੈਨਾ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

('ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਆਧਾਰ 'ਤੇ)

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂੰ ਰੁੱਲ ਜਾਵੋਗੇ

## ਪੁਰਾਤਨ ਮਿਥਿਹਾਸਕ ਕਥਾ ਅਨੁਸਾਰ

# ਸ਼ਿਲਪ ਕਲਾ ਦੇ ਬਾਨੀ ਬਾਬਾ ਵਿਸ਼ਵਕਰਮਾ

**ਜਸਵੰਤ ਸਿੰਘ ਵਿਰਦੀ**



ਵਿਸ਼ਵਕਰਮਾ ਅੱਠਵੇਂ ਵਸੂ ਪ੍ਰਭਾਸ ਦਾ ਪੁੱਤਰ ਸੀ ਅਤੇ ਮਹਾਨ ਪੁੱਤਰ ਸੀ। ਉਸ ਦੀ ਮਾਤਾ ਬ੍ਰਹਮਵਾਦਨੀ ਯੋਗ ਸਿੱਧਾ ਭੁਵਨਾ ਅੰਗਿਹਾ ਰਿਖੀ ਦੀ ਬੇਟੀ ਸੀ। ਸਿਧੀਆਂ ਪ੍ਰਾਪਤ ਕਰਨ ਵਾਲੀਆਂ ਭਾਰਤੀ ਨਾਰੀਆਂ ਯੋਗ ਸਿੱਧਾਂ ਅਖਵਾਉਂਦੀਆਂ ਸਨ। ਭੁਵਨਾ ਵੀ ਅਜਿਹੀ ਹੀ ਸਿੱਧ ਸੁਆਣੀ ਸੀ। ਸੰਸਾਰ ਨੂੰ ਸੁੰਦਰ ਬਣਾਉਣ ਦੀ ਲਗਨ ਉਸਨੇ ਹੀ ਆਪਣੇ ਪੁੱਤਰ ਦੇ ਮਨ ਵਿਚ ਪੈਦਾ ਕੀਤੀ ਹੋਵੇਗੀ। ਕਿਉਂਕਿ ਕੋਮਲ ਭਾਵੀ ਅਤੇ ਸੂਖਮ ਭਾਵੀ ਮਾਤਾਵਾਂ ਦੇ ਪੁੱਤਰ ਹੀ ਸੂਖਮਤਾ ਅਤੇ ਸੁੰਦਰਤਾ ਨੂੰ ਸਮਝ ਸਕਦੇ ਹਨ।

ਦੇਵਤਿਆਂ ਦਾ ਗੁਰੂ ਅਤੇ ਪੁਰੋਹਿਤ ਬ੍ਰਿਹਸਪਤੀ ਯੋਗ ਸਿੱਧਾ ਭੁਵਨਾ ਦਾ ਭਰਾ ਅਤੇ ਵਿਸ਼ਵਕਰਮਾ ਦਾ ਆਦਰਣੀ ਮਾਮਾ ਸੀ। ਵਸੂਆਂ ਦਾ ਖਾਨਦਾਨ ਕਾਰੀਗਰਾਂ ਦਾ ਖਾਨਦਾਨ ਸੀ। ਆਦਰ ਸਤਿਕਾਰ ਨਾਲ ਵਸੂਆਂ ਨੂੰ ਧਰਤੀ ਦੇ ਦੇਵਤੇ ਕਿਹਾ ਜਾਂਦਾ ਸੀ। ਉਦੋਂ ਹਰ ਪਰਉਪਕਾਰੀ ਪੁਰਸ਼ ਦੇਵਤਾ ਅਖਵਾਉਂਦਾ ਸੀ। ਕਿਉਂਕਿ ਉਹ ਸੰਸਾਰ ਦੇ ਲੋਕਾਂ ਨੂੰ ਕੁਝ ਨਾ ਕੁਝ ਵਧੀਆ ਦਿੰਦਾ ਹੀ ਸੀ।

ਇਕਮਿੱਥ ਕਥਾ ਅਨੁਸਾਰ ਅਗਨੀ ਪਹਿਲਾਂ ਸਵਰਗ ਲੋਕ ਵਿਚ ਦੇਵਤਿਆਂ ਕੋਲ ਹੀ ਹੁੰਦੀ ਸੀ, ਪਰ ਵਿਸ਼ਵਕਰਮਾ ਨੇ ਕਾਠ ਦੇ ਟੁਕੜਿਆਂ ਨੂੰ ਰਗੜ ਕੇ ਅਗਨੀ ਪੈਦਾ ਕੀਤੀ ਅਤੇ ਸੰਸਾਰ ਦੇ ਲੋਕਾਂ ਵਿਚ ਵੰਡ ਦਿੱਤੀ। ਅਗਨੀ ਨੂੰ ਵੀ ਧਰਤੀ ਦਾ ਦੇਵਤਾ ਸਵੀਕਾਰ ਕੀਤਾ ਗਿਆ ਹੈ, ਪਰ ਵਿਸ਼ਵਕਰਮਾ ਅਗਨੀ ਦਾ ਜਨਮ ਦਾਤਾ ਹੈ। ਵਿਸ਼ਵਕਰਮਾ ਜੀਵਨ ਦੀ ਉਸਾਰੂ ਸ਼ਕਤੀ ਦਾ ਪ੍ਰਤੀਕ ਹੈ। ਰਿਗਵੇਦ ਦੇ ਰਚਨ ਹਾਰਿਆਂ ਨੇ ਉਸ ਬਾਰੇ ਲਿਖਿਆ ਹੈ–

1. ਵਿਸ਼ਵਕਰਮਾ ਦਾ ਮਨ ਵਿਸ਼ਾਲ ਹੈ। ਉਹ ਖੁਦ ਵਿਰਾਟ ਰੂਪ ਵਾਲੇ ਹਨ। ਉਹ ਉਸਾਰੀ ਕਰਦੇ ਹਨ। ਉਹ ਸਰਬ ਸ੍ਰੇਸ਼ਟ ਦੇ ਪਰਵਤੀ ਨੂੰ ਵੀ ਦੇਖਦੇ ਹਨ। ਉੱਥੇ ਉਹ ਇਕੱਲੇ ਹੀ ਹਨ। ਵਿਦਵਾਨ ਇਹੋ ਹੀ ਗੱਲ ਕਹਿੰਦੇ ਹਨ।

2. ਸਰੀਰ ਦੇ ਸਿਰਜਨ ਹਾਰੇ ਅਤੇ ਅਨੁਪਮ ਧੀਰਜ ਵਾਲੇ ਵਿਸ਼ਵਕਰਮਾ ਨੇ ਸਭ ਤੋਂ ਪਹਿਲਾਂ ਪਾਣੀ ਨੂੰ ਉਤਪੰਨ ਕੀਤਾ। ਫੇਰ ਪਾਣੀ ਵਿਚ ਹਰਕਤ ਕਰਨ ਵਾਲੀ ਪ੍ਰਿਥਵੀ ਨੂੰ ਬਣਾਇਆ। ਫੇਰ ਪ੍ਰਿਥਵੀ ਦੇ ਪ੍ਰਾਚੀਨ ਅਤੇ ਅੰਤਰੀਵੀ ਪ੍ਰਦੰਸ਼ਾਂ ਨੂੰ ਵਿਸ਼ਵਕਰਮਾ ਨੇ ਦਿਰਢ ਕੀਤਾ। ਇਸ ਤਰ੍ਹਾਂ ਪ੍ਰਿਥਵੀ ਪ੍ਰਸਿੱਧ ਹੋ ਗਈ। ਰਿਗਵੇਦ ਵਿਚ ਵਿਸ਼ਵਕਰਮਾ ਦੈਵੀ ਸ਼ਕਤੀ ਦਾ ਪ੍ਰਤੀਕ ਹੈ, ਪਰ ਮਨੁੱਖ ਨੇ ਉਸ ਨੂੰ ਆਪਣਾ ਗੁਰੂ ਅਤੇ ਰਹਿਨੁਮਾ ਬਣਾ ਕੇ ਪੂਜਿਆ ਹੈ। ਜਿਨ੍ਹਾਂ ਲੋਕਾਂ ਨੇ ਜੀਵਨ ਵਿਚ ਕਦੀ ਵੀ ਹੱਥੀਂ ਕੰਮ ਨਹੀਂ ਕੀਤਾ, ਉਹ ਸ਼ਾਇਦ ਵਿਸ਼ਵਕਰਮਾ ਦੀ ਮਹਾਨਤਾ ਨੂੰ ਨਾ ਸਮਝ ਸਕਣ, ਪਰ ਕਾਰੀਗਰਾਂ ਦੇ ਮਨ ਵਿਚ ਹਰ ਵੇਲੇ ਵਿਸ਼ਵਕਰਮਾ ਦੀ ਹੀ ਜੋਤ ਜਗਦੀ ਹੈ। ਉਹ ਵਿਸ਼ਵਕਰਮਾ ਨੂੰ ਹਰ ਵੇਲੇ ਆਪਣੇ ਅੰਗ–ਸੰਗ ਸਮਝਦੇ ਹਨ।

ਸੰਸਾਰ ਦਾ ਸਭ ਤੋਂ ਪਹਿਲਾ ਪਹੀਆ ਵਿਸ਼ਵਕਰਮਾ ਨੇ ਹੀ ਬਣਾਇਆ ਸੀ। ਉਸ ਪਹੀਏ ਨੇ ਸੰਸਾਰ ਦੇ ਲੋਕਾਂ ਵਿਚ ਇਕ ਰਫ਼ਤਾਰ ਭਰ ਦਿੱਤੀ ਅਤੇ ਸਿੱਟੇ ਵਜੋਂ ਨਵੀਂ ਜ਼ਿੰਦਗੀ ਦਾ ਆਰੰਭ ਹੋਇਆ। ਸਾਡੀ ਇਹ ਭਰਪੂਰ ਦੁਨੀਆਂ ਦਿਨੋ–ਦਿਨ ਵਧੇਰੇ ਖ਼ੂਬਸੂਰਤ ਬਣਦੀ ਜਾ ਰਹੀ ਹੈ। ਇੱਥੇ ਧਰਤੀ ’ਤੇ ਹਰ ਤਰ੍ਹਾਂ ਦੀ ਉਸਾਰੀ ਤੇ ਕਾਰੀਗਰੀ ਵਿਕਾਸ ਦੇ ਸਿਖਰ ਤੱਕ ਪੁੱਜ ਰਹੀ ਹੈ। ਮੈਂ ਜਦੋਂ ਵੀ ਕਾਰੀਗਰੀ ਦੇ ਕਿਸੇ ਅਤਿ ਸੂਖਮ ਅਤੇ ਸੋਹਜ ਭਰੇ ਨਮੂਨੇ ਨੂੰ ਗਹੁ ਨਾਲ ਤੱਕਦਾ ਹਾਂ ਤਾਂ ਮੈਨੂੰ ਵਿਸ਼ਵਕਰਮਾ ਦਾ ਚੇਤਾ ਆਉਂਦਾ ਹੈ। ਇਹ ਸੱਚ ਹੈ ਕਿ ਸਾਡੇ ਸਾਰੇ ਹੀ ਕਾਰੀਗਰ ਵਿਸ਼ਵਕਰਮਾ ਨੂੰ ਆਪਣਾ ਰੱਬ ਮੰਨਦੇ

ਨੇ ਅਤੇ ਕਾਰੀਗਰੀ ਦੇ ਹੁਨਰ ਵਿਚ ਪ੍ਰਵੀਨਤਾ ਪ੍ਰਾਪਤ ਕਰਨ ਵਾਸਤੇ ਵਿਸ਼ਵਕਰਮਾ ਸਾਹਮਣੇ ਨਤਮਸਤਕ ਹੁੰਦੇ ਹਨ। ਸਦੀਆਂ ਦਾ ਸਮਾਂ ਬੀਤਣ ਨਾਲ ਵਿਸ਼ਵਕਰਮਾ ਦੀ ਮਾਨਤਾ ਵੀ ਵੱਧਦੀ ਜਾ ਰਹੀ ਹੈ। ਤਕਨਾਲੌਜੀਕਲ ਯੁੱਗ ਦੇ ਵਿਕਾਸ ਨਾਲ ਕਾਰੀਗਰੀ ਦਾ ਘੇਰਾ ਵੱਧਦਾ ਜਾ ਰਿਹਾ ਹੈ ਅਤੇ ਕੁਲ ਜਾਤਾਂ ਧਰਮਾਂ ਦੇ ਕਾਰੀਗਰ ਲੋਕ ਵਿਸ਼ਵਕਰਮਾ ਦੀ ਸਿੱਖੀ ਸੇਵਕੀ ਸਵੀਕਾਰ ਕਰਦੇ ਜਾ ਰਹੇ ਹਨ। ਭਾਰਤ ਵਿਚ ਪੰਜਾਬ, ਹਰਿਆਣਾ, ਉੱਤਰ-ਪ੍ਰਦੇਸ਼, ਬਿਹਾਰ, ਬੰਗਾਲ, ਮੱਧ ਪ੍ਰਦੇਸ਼ ਅਤੇ ਦੱਖਣੀ ਸੂਬਿਆਂ ਵਿਚ ਵਿਸ਼ਵਕਰਮਾ ਦੇ ਬੇਸ਼ੁਮਾਰ ਨਾਮਲੇਵਾ ਨਿਵਾਸ ਕਰਦੇ ਹਨ। ਵਿਸ਼ਵਕਰਮਾ ਦਾ ਸਰੂਪ ਹੀ ਅਤਿ ਸੁੰਦਰ ਨਹੀਂ ਸਗੋਂ ਉਹ ਸਾਡਾ ਆਦਰਸ਼ ਕਾਰੀਗਰ, ਰੱਬੀ ਸੋਹਜ ਵਾਲਾ ਮਹਾਨ ਕਲਾਕਾਰ ਅਤੇ ਰਚਨਹਾਰਾ ਹੈ। ਆਪਣੇ ਵੇਲੇ ਵਿਚ ਉਹ ਇਕ ਮਹਾਨ ਸ਼ਿਲਪਕਾਰ ਅਤੇ ਉਸਰਈਆ ਸੀ। ਧਰਤੀ ਆਕਾਸ਼ ਅਤੇ ਮਨੁੱਖਾਂ ਵਾਸਤੇ ਜਿਹੜੇ ਮਹਿਲ, ਭਵਨ, ਸਭਾਵਾਂ, ਮੰਦਰ ਅਤੇ ਅਸ਼ਤਰ-ਸ਼ਸ਼ਤਰ ਆਦਿ ਬਣਾਏ ਗਏ ਹਨ, ਉਹ ਸਭ ਵਿਸ਼ਵਕਰਮਾ ਦੀ ਕਾਰੀਗਰੀ ਦੇ ਪ੍ਰਤੀਕ ਹਨ। ਉਹ ਲੋਹੇ, ਲੱਕੜੀ, ਸੋਨੇ-ਚਾਂਦੀ ਅਤੇ ਇਮਾਰਤ ਸਾਜੀ ਦੇ ਹਰ ਕਿਸਮ ਦੇ ਕੰਮ ਕਰਨ ਵਾਲਿਆਂ ਦਾ ਅਵਤਾਰ ਸਵੀਕਾਰ ਕੀਤਾ ਜਾਂਦਾ ਹੈ। ਕੁਬੇਰ ਵਾਸਤੇ ਅਲਕਾਪੁਰੀ ਅਤੇ ਲੰਕਾ, ਸ਼ਿਵਜੀ ਵਾਸਤੇ ਕਾਸ਼ੀ, ਵਿਸ਼ਨੂੰ ਜੀ ਵਾਸਤੇ ਸੁਧਰਮਾ ਸਭਾ ਦੀ ਉਸਾਰੀ ਵਿਸ਼ਵਕਰਮਾ ਨੇ ਹੀ ਕੀਤੀ। ਭਗਵਾਨ ਕ੍ਰਿਸ਼ਨ ਦਾ ਮਹਾਨ ਦਵਾਰਿਕਾ ਧਾਮ ਵੀ ਵਿਸ਼ਵਕਰਮਾ ਦਾ ਹੀ ਕਮਾਲ ਹੈ।

ਦੇਵਤਿਆਂ ਅਤੇ ਦਾਨਵਾਂ ਦੇ ਯੁੱਗ ਵਿਚ ਉਹ ਹਰ ਵੇਲੇ ਦੇਵਤਿਆਂ ਨਾਲ ਹੀ ਹੁੰਦੇ ਸਨ। ਇਸ ਦੁਨੀਆਂ ਵਿਚ ਹਰ ਕਿਸਮ ਦੀ ਰਚਨਾ ਤੇ ਉਸਾਰੀ ਦਾ ਕਾਰਜ ਵੀ ਵਿਸ਼ਵਕਰਮਾ ਅਤੇ ਉਸਦੇ ਪੈਰੋਕਾਰਾਂ ਦੇ ਜਿੰਮੇ ਹੀ ਹੈ। ਇਸ ਕਰਕੇ ਜਦੋਂ ਵੀ ਅਸੀਂ ਵਿਸ਼ਵਕਰਮਾ ਨੂੰ ਗੰਭੀਰ ਰੂਪ ਵਿਚ ਦੇਖਦੇ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਿ ਉਹ ਵਿਸ਼ਵ ਵਿਚ ਉਸਾਰੀ ਦੀ ਕਿਸੇ ਨਵੀਂ ਵਿਉਂਤਬੰਦੀ ਬਾਰੇ ਸੋਚ ਰਹੇ ਹੋਣ। ਠੀਕ ਵੀ ਹੈ। ਰਚਨਹਾਰੇ ਨੇ ਹਰ ਵੇਲੇ ਰਚਨਾ ਹੀ ਕਰਨੀ ਹੈ।

ਭਾਰਤੀ ਮਿਥਿਹਾਸ ਤੇ ਇਤਿਹਾਸ ਵਿਚ ਵਿਸ਼ਵਕਰਮਾ ਦੇ ਕਈ ਰੂਪ ਮਿਲਦੇ ਹਨ। ਪੰਜਾਬ ਦੇ ਸਭ ਤੋਂ ਪੁਰਾਤਨ ਗ੍ਰੰਥ ਰਿਗਵੇਦ ਦੀਆਂ ਰਚਨਾਵਾਂ ਵਿਚ ਵਿਸ਼ਵਕਰਮਾ ਨੂੰ ਸਰਬਦਸਤੀ ਦੇਵਤਾ ਕਿਹਾ ਗਿਆ ਹੈ। ਉਸ ਦੇ ਹਰ ਪਾਸੇ ਅੱਖਾਂ, ਮੂੰਹ, ਬਾਹਵਾਂ ਅਤੇ ਪੈਰ ਹਨ। ਇਨ੍ਹਾਂ ਰਚਨਾਵਾਂ ਵਿਚ ਹੀ ਇਹ ਸੋਚ ਵੀ ਆਉਂਦੀ ਹੈ ਕਿ ਸਵਰਗ ਅਤੇ ਪ੍ਰਿਥਵੀ ਦੀ ਉਸਾਰੀ ਵੇਲੇ ਵਿਸ਼ਵਕਰਮਾ ਨੇ ਆਪਣੀਆਂ ਬਾਹਵਾਂ ਨਾਲ ਹਰ ਵਸਤੂ ਨੂੰ ਰੂਪ ਪ੍ਰਦਾਨ ਕੀਤਾ ਸੀ। ਇਸ ਤਰ੍ਹਾਂ ਪੁਰਾਤਨ ਸ਼ਾਸਤਰਾਂ ਵਿਚ ਵਿਸ਼ਵਕਰਮਾ ਨੂੰ ਸਰਬ-ਕਰਤਾ ਦੇ ਰੂਪ ਵਿਚ ਮੂਰਤੀਮਾਨ ਕੀਤਾ ਗਿਆ ਹੈ। ਇਸ ਹਕੀਕਤ ਤੋਂ ਸਪੱਸ਼ਟ ਹੈ ਕਿ ਪੁਰਾਣੇ ਵੇਲਿਆਂ ਤੋਂ ਹੀ ਸਾਡੇ ਲੋਕਾਂ ਵਿਚ ਉਸਰਈਏ ਕਾਰੀਗਰਾਂ ਵਾਸਤੇ ਕਾਫੀ ਮਾਨਤਾ ਰਹੀ ਹੈ। ਵਿਸ਼ਵਕਰਮਾ ਦੀ ਸਲਾਹ ਅਤੇ ਸਹਾਇਤਾ ਤੋਂ ਬਗੈਰ ਵਿਸ਼ਵ ਵਿਚ ਉਸਾਰੀ ਦਾ ਕੋਈ ਵੀ ਕੰਮ ਸੰਭਵ ਨਹੀਂ ਹੈ। ਧਨ ਦੇ ਦੇਵਤੇ ਕੁਬੇਰ ਨੂੰ ਵੀ ਆਪਣੇ ਸ਼ਹਿਰਾਂ ਅਤੇ ਭਵਨਾਂ ਦੀ ਉਸਾਰੀ ਵਾਸਤੇ ਵਿਸ਼ਵਕਰਮਾ ਦੀ ਸ਼ਰਨ ਵਿਚ ਆਉਣਾ ਪਿਆ ਸੀ। ਪਰ ਕੁਬੇਰ ਹੋਰ ਧਨਵਾਨਾਂ ਵਾਂਗ ਹੀ ਵੱਡਾ ਕੰਜੂਸ ਸੀ। ਉਸ ਨੇ ਵਿਸ਼ਵਕਰਮਾ ਦੀ ਮਿਹਨਤ ਨਹੀਂ ਸੀ ਦਿੱਤੀ। ਜਿਸ ਕਰਕੇ ਵਿਸ਼ਵਕਰਮਾ ਨੇ ਉਸ ਨੂੰ ਕਹਿ ਦਿੱਤਾ ਜਿਸ ਲੰਕਾ ਦੀ ਉਸਾਰੀ ਕਰਨ ਤੇ ਤੂੰ ਮੈਨੂੰ ਮਿਹਨਤ ਨਹੀਂ ਦਿੱਤੀ ਉਹ ਲੰਕਾ ਤੇਰੇ ਕੋਲ ਵੀ ਨਹੀਂ ਰਹੇਗੀ।

ਇਕ ਕਥਾ ਵੀ ਪ੍ਰਸਿੱਧ ਹੈ ਕਿ ਰਾਵਣ ਨੇ ਲੰਕਾ ਦੀ ਚੱਠ ਵਾਲੇ ਦਿਨ ਬ੍ਰਾਹਮਣ ਬਣ ਕੇ ਲੰਕਾ ਨੂੰ ਦਕਸ਼ਿਣਾ ਦੇ ਰੂਪ ਵਿਚ ਮੰਗ ਲਿਆ ਸੀ। ਰਾਵਣ ਨੇ ਛੱਲ ਕਪਟ ਕੀਤਾ, ਇਸ ਲਈ ਲੰਕਾ ਉਹਦੇ ਕੋਲ ਵੀ ਨਾ ਰਹੀ। ਇਹ ਗੱਲ ਸਭ ਹੀ ਜਾਣਦੇ ਹਨ ਕਿ ਵੈਦਿਕ ਯੁਗ ਮਗਰੋਂ ਪੌਰਾਣਿਕ ਅਤੇ ਬੀਰਤਾ ਕਾਲ ਵਿਚ ਵਿਸ਼ਵਕਰਮਾ ਦੇ ਸਰੂਪ ਵਿਚ ਵੀ ਫਰਕ ਪੈ ਗਿਆ ਸੀ। ਇਥੇ ਉਹਨੂੰ ਵੈਦਿਕ ਕਾਲ ਦੇ ਤਵਸਟ੍ਰੀ ਵਾਲਾ ਅਹੁਦਾ ਅਤੇ ਨਾਲ ਹੀ ਭਰਪੂਰ ਸ਼ਕਤੀ ਦਿੱਤੀ ਗਈ, ਜਿਸ ਕਰਕੇ ਜਦੋਂ ਉਸਦੇ ਪੁੱਤਰ ਵਿਸ਼ਵਰੂਪ ਨੂੰ ਇੰਦਰ ਨੇ ਮਾਮੂਲੀ ਜਿਹੀ ਗਲਤੀ ਕਰਕੇ ਕਤਲ ਕਰ ਸੁੱਟਿਆ ਤਾਂ ਆਪਣੇ ਪੁੱਤਰ ਵਿਸ਼ਵਰੂਪ ਦਾ ਇੰਦਰ ਕੋਲੋਂ ਬਦਲਾ ਲੈਣ ਖਾਤਰ ਵਿਸ਼ਵਕਰਮਾ ਨੇ ਵਿਸ਼ਵਰੂਪਦ ੇਖ਼ੂ ਨਅ ਤੇੌ ਮਙਨ ਾਲਵ ਰਿਤਨਦ ਾਿਸ ਾਜਨਾਕ ਾਿਤੀ। ਵਰਿਤਨ ਇਕ ਕਿਸਮ ਦਾ ਰੋਬੋਟ ਸੀ। ਜਿਸ ਨੂੰ ਯੁੱਧ ਵਾਸਤੇ ਤਿਆਰ ਕੀਤਾ ਗਿਆ ਸੀ। ਰੋਬੋਟ ਵਰਿਤਨ ਨੇ ਇੰਦਰ ਨਾਲ ਨੱਬੇਯੁੱਧ ਕੀਤੇ ਪਰ ਇੰਦਰ ਉਸ ਨੂੰ ਹਰਾ ਨਾ ਸਕਿਆ ਜਦੋਂ ਅਮਰਾਵਤੀ ਵਿਚੋਂ ਨਿਕਲ ਕੇ ਇੰਦਰ ਸਹਾਇਤਾ ਵਾਸਤੇ ਵਿਸ਼ਨੂੰ ਜੀ ਕੋਲ ਗਿਆ ਤਾਂ ਵਿਸ਼ਨੂੰ ਜੀ ਨੇ ਉਸ ਨੂੰ ਕਿਹਾ ਸੀ ਕਿ 'ਇੰਦਰ ਇਹ ਗੱਲ ਨਾ ਭੁੱਲ ਕਿ ਜਿਸ ਮਾਤਾ ਦਾ ਨਿਰਦੋਸ਼ ਪੁੱਤਰ ਮਾਰ ਦਿੱਤਾ ਜਾਵੇ, ਜਦੋਂ ਤੱਕ ਉਸ ਮਾਤਾ ਦੇ ਹੰਝੂ ਨਾ ਸੁਕਣ ਕਾਤਲ ਨੂੰ ਸੁੱਖ ਨਹੀਂ ਮਿਲ ਸਕਦਾ। ਇਸ ਲਈ ਇੰਦਰ ਤੂੰ ਵਿਸ਼ਵਕਰਮਾ ਕੋਲੋਂ ਖਿਮਾ ਮੰਗ ਕੇ ਸਹਾਇਤਾ ਲਈ ਬੇਨਤੀ ਕਰ। ਉਸੇ ਕੋਲ ਜਾ।'

ਵਿਸ਼ਵਕਰਮਾ ਨੇ ਕਿਹਾ, 'ਅਸੀਂ ਉਸਰੱਈਏ ਹਾਂ ਵਿਨਾਸ਼ ਨਹੀਂ ਕਰ ਸਕਦੇ।' ਵਿਸ਼ਵਕਰਮਾ ਨੇ ਇੰਦਰ ਦੀ ਸਹਾਇਤਾ ਕੀਤੀ ਕਿਉਂਕਿ ਇੰਦਰ ਨੇ ਪ੍ਰਣ ਕੀਤਾ ਕਿ ਉਹ ਨਿਮਾਣੇ ਨਿਰਬਲ, ਬੱਚੇ-ਬੁੱਢੇ ਅਤੇ ਇਸਤਰੀਆਂ 'ਤੇ ਵਾਰ ਨਹੀਂ ਕਰੇਗਾ। ਉਸ ਵੇਲੇ ਤੱਕ ਵਰਿਤਨ ਵਿਸ਼ਵਕਰਮਾ ਤੋਂ ਬਾਗੀ ਹੋ ਗਿਆ ਸੀ। ਵਰਿਤਨ ਬਹੁਤ ਵੱਡਾ ਸੂਰਮਾ ਸੀ ਅਤੇ ਉਸ ਨੂੰ ਮਾਰਨ ਖਾਤਰ ਵਿਸ਼ੇਸ਼ ਕਿਸਮ ਦੇ ਅਸ਼ਤਰ-ਸ਼ਸ਼ਤਰ ਚਾਹੀਦੇ ਸਨ। ਇਸ ਲਈ ਇੰਦਰ ਨੂੰ ਵਿਸ਼ਵਕਰਮਾ ਨੇ ਕਿਹਾ ਸੀ, 'ਤੁਸੀਂ ਕਿਸੇ ਰਿਸ਼ੀ ਦੀਆਂ ਅਸਥੀਆਂ ਲੈ ਕੇ ਆਵੋ। ਉਨ੍ਹਾਂ ਨਾਲ ਮੈਂ ਅਸ਼ਤਰਾਂ-ਸ਼ਸ਼ਤਰਾਂ ਨੂੰ ਪਾਣ ਦਿਆਂਗਾ। ਉਨ੍ਹਾਂ ਅਸ਼ਤਰਾਂ-ਸ਼ਸ਼ਤਰਾਂ ਨਾਲ ਹੀ ਵਰਿਤਨ ਮਾਰਿਆ ਜਾ ਸਕਦਾ ਹੈ। ਇੰਦਰ ਦੇਵਤਾ ਆਪਣੇ ਸਾਥੀਆਂ ਨਾਲ ਦਧੀਚਿ ਰਿਸ਼ੀ ਕੋਲ ਸਹਾਇਤਾ ਵਾਸਤੇ ਗਿਆ ਤਾਂ ਉਸ ਨੇ ਜੋਗ ਬਲ ਨਾਲ ਆਪਣੀਆਂ ਅਸਥੀਆਂ ਇੰਦਰ ਨੂੰ ਦਾਨ ਵਿਚ ਦੇ ਦਿੱਤੀਆਂ ਸਨ। ਉਨ੍ਹਾਂ ਅਸਥੀਆਂ ਨਾਲ ਪਾਣ ਦੇ ਕੇ ਵਿਸ਼ਵਕਰਮਾ ਨੇ ਜਿਹੜੇ ਅਸ਼ਤਰ-ਸ਼ਸ਼ਤਰ ਤਿਆਰ ਕੀਤੇ ਸਨ, ਉਨ੍ਹਾਂ ਨਾਲ ਹੀ ਇੰਦਰ ਵਰਿਤਨ ਨੂੰ ਮਾਰ ਸਕਿਆ ਸੀ। ਇਸ ਤਰ੍ਹਾਂ ਵਿਸ਼ਵਕਰਮਾ ਦਾ ਰਾਜਨੀਤੀ ਵਿਚ ਸਿੱਧਾ ਦਖਲ ਸ਼ੁਰੂ ਹੋ ਗਿਆ ਸੀ। ਜਿਹੜੇ ਲੋਕ ਇਹ ਸੋਝੀ ਨਹੀਂ ਸਨ ਰੱਖ ਸਕਦੇ ਕਿ ਅਸ਼ਤਰ-ਸ਼ਸ਼ਤਰ ਕਿਸ ਦੇ ਵਿਰੁੱਧ ਇਸਤੇਮਾਲ ਕਰਨੇ ਹਨ ਅਤੇ ਉਨ੍ਹਾਂ ਨਾਲ ਰੱਖਿਆ ਕਿਸ ਦੀ ਕਰਨੀ ਹੈ, ਉਨ੍ਹਾਂ ਨੂੰ ਵਿਸ਼ਵਕਰਮਾ ਅਸ਼ਤਰ-ਸ਼ਸ਼ਤਰ ਨਹੀਂ ਬਣਾ ਕੇ ਦਿੰਦਾ।

ਅੱਜ ਦੇ ਕਾਰੀਗਰਾਂ ਨੂੰ ਵੀ ਚੰਗੇ-ਮਾੜੇ ਦੀ ਤਮੀਜ਼ ਕਰਨੀ ਚਾਹੀਦੀ ਹੈ। ਵਿਸ਼ਵਕਰਮਾ ਦੇ ਕਾਰਨਾਮਿਆਂ ਦੀਆਂ ਬੇਸ਼ੁਮਾਰ ਕਥਾਵਾਂ ਹਨ ਅਤੇ ਉਨ੍ਹਾਂ ਨੂੰ ਕਲਮਬੰਦ ਕਰਨ ਵਾਸਤੇ ਹਜ਼ਾਰਾਂ ਸਫੇ ਦਰਕਾਰ ਹਨ। ਇਕ ਹੋਰ ਕਥਾ ਅਨੁਸਾਰ ਵਿਸ਼ਵਕਰਮਾ ਨੇ ਆਪਣੀ ਲਾਡਲੀ ਧੀ ਸੰਜਨਾ ਦਾ ਵਿਆਹ ਸੂਰਜ ਨਾਲ ਕਰ ਦਿੱਤਾ ਸੀ ਪਰ ਮਲੂਕੜੀ ਨੱਢੀ ਸੰਜਨਾ ਆਪਣੇ ਸ਼ਕਤੀਸ਼ਾਲੀ ਪਤੀ ਸੂਰਜ ਦਾ ਤਪ-ਤੇਜ ਬਰਦਾਸ਼ਤ ਨਹੀਂ ਸੀ ਕਰ ਸਕਦੀ। ਸੂਰਮੇ ਦਾ ਤਪ-ਤੇਜ ਕੋਈ ਨਾਰ ਹੀ ਸਹਾਰ ਸਕਦੀ ਹੈ। ਜਦੋਂ ਵਿਸ਼ਵਕਰਮਾ ਨੂੰ ਇਸ ਸੰਕਟ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਜੁਆਈ ਸੂਰਜ ਨੂੰ ਖਰਾਦ ਤੇ ਚੜ੍ਹਾ ਕੇ ਉਸ ਦੇ ਤੇਜ ਦਾ ਦੱਸਵਾਂ ਹਿੱਸਾ ਖਰਾਦ ਦਿੱਤਾ ਸੀ। ਇਸ ਕਥਾ ਦਾ ਭਾਵ ਇਹ ਹੈ ਕਿ ਹਰੇਕ ਸੂਰਬੀਰ ਦੀ ਵਾਧੂ ਸ਼ਕਤੀ ਉਸਾਰੂ ਕੰਮਾਂ ਵਿਚ ਲੱਗਣੀ ਚਾਹੀਦੀ ਹੈ। ਵਿਸ਼ਵਕਰਮਾ ਨੇ ਸੂਰਜ ਦੇ ਖਰਾਦੇ ਹੋਏ ਵਾਧੂ ਤੇਜ ਨਾਲ ਸ਼ਿਵਜੀ ਲਈ ਤ੍ਰਿਸ਼ੂਲ, ਵਿਸ਼ਨੂੰ ਲਈ ਸੁਦਰਸ਼ਨ ਚੱਕਰ, ਕਾਰਤਕੇ ਲਈ ਨੇਜਾ ਅਤੇ ਇੰਦਰ ਵਾਸਤੇ ਵੱਜਰ ਬਣਾ ਕੇ ਦਿੱਤਾ ਸੀ। ਬਾਕੀ ਦੇ ਟੁਕੜਿਆਂ ਨਾਲ ਵਿਸ਼ਵਕਰਮਾ ਨੇ ਮੰਦਰਾਂ ਦੇ ਕਲਸ਼, ਮੂਰਤੀਆਂ, ਨਿਸ਼ਾਨ ਸਾਹਿਬ ਅਤੇ ਖੰਡੇ ਅਤੇ ਹੋਰ ਛੋਟੇ ਦੇਵਤਿਆਂ ਲਈ ਹਥਿਆਰ ਬਣਾ ਕੇ ਦਿੱਤੇ ਸਨ। ਇਕ ਹੋਰ ਕਥਾ ਅਨੁਸਾਰ ਦੁਰਗਾ ਦੇਵੀ ਦੀ ਤਲਵਾਰ ਅਤੇ ਉਸ ਦੀਆਂ ਫੌਲਾਦੀ ਉਂਗਲੀਆਂ ਵੀ ਵਿਸ਼ਵਕਰਮਾ ਨੇ ਹੀ ਬਣਾਈਆਂ ਸਨ। ਜਗਨਨਾਥ ਪੁਰੀ ਦਾ ਮੰਦਰ ਅਤੇ ਮੂਰਤੀਆਂ ਵੀ ਵਿਸ਼ਵਕਰਮਾ ਦੀ ਕਲਾ ਦਾ ਕਮਾਲ ਹਨ। ਉਸ ਨੇ ਦੇਵਤਿਆਂ ਨੂੰ ਜਿਹੜੇ ਅਸ਼ਤਰ-ਸ਼ਸ਼ਤਰ ਬਣਾ ਕੇ ਦਿੱਤੇ ਸਨ, ਉਹ ਦੇਵਤਿਆਂ ਦੀ ਸ਼ਕਤੀ ਦਾ ਪ੍ਰਤੀਕ ਸਨ, ਲੋਕਾਂ ਦੀ ਤਬਾਹੀ ਲਈ ਨਹੀਂ ਸਨ ਮਹਾਂਭਾਰਤ ਵਿਚਲੀਆਂ ਕਥਾਵਾਂ ਅਨੁਸਾਰ ਵਿਸ਼ਵਕਰਮਾ ਨੂੰ ਕਲਾਪਤੀ, ਹਜ਼ਾਰਾਂ ਹੱਥ ਕੀਰਤਾਂ ਦਾ ਚਾਲਕ, ਦੈਵੀ ਤਰਖਾਣ, ਕੁਲ ਗਹਿਣਿਆ ਦੀ ਘਾੜਤ ਕਰਨ ਵਾਲਾ ਅਤੇ ਵਿਸ਼ਵ ਭਰ ਦੇ ਕਾਰੀਗਰਾਂ ਨੂੰ ਸ਼ਕਤੀ ਪ੍ਰਦਾਨ ਕਰਨ ਵਾਲਾ ਕਿਹਾ ਗਿਆ ਹੈ। ਭਗਵਾਨ ਰਾਮ ਵਾਸਤੇ ਭਾਰਤ ਲੰਕਾ ਵਿਚਾਰ ਪੁਲ ਤਿਆਰ ਕਰਨ ਵਾਲੇ ਨਲ-ਨੀਲ ਵੀ ਇਸੇ ਦੇ ਹੀ ਬੇਟੇ ਸਨ। ਵੈਸੇ ਤਾਂ ਕਾਰੀਗਰ ਲੋਕ ਸਭਨਾਂ ਹੀ ਘਰਾਂ ਨੂੰ ਬੜੀ ਹੀ ਰੀਝ ਨਾਲ ਤਿਆਰ ਕਰਦੇ ਹਨ ਪਰ ਜਿਨ੍ਹਾਂ ਵਿਚ ਰੱਬੀ ਰੂਹਾਂ ਨਿਵਾਸ ਕਰਦੀਆਂ ਹਨ ਉਹ ਘਰ ਸਵਰਗੀ ਝਾਂਕੀ ਪੇਸ਼ ਕਰਦੇ ਹਨ, ਬੁਰੇ ਘਰਾਂ ਵਿਚ ਕਲਹ ਕਲੇਸ਼ ਹੁੰਦਾ ਰਹਿੰਦਾ ਹੈ।

ਸੱਚ ਤਾਂ ਇਹ ਹੈ ਕਿ ਕਾਰੀਗਰ ਲੋਕ ਜਿਸ ਕਿਸੇ ਵਸਤੂ ਨੂੰ ਜਿਸ ਤਰ੍ਹਾਂ ਦੀ ਭਾਵਨਾ ਨਾਲ ਤਿਆਰ ਕਰਦੇ ਹਨ, ਉਹ ਪ੍ਰਭਾਵ ਵਾਲੀ ਮਾਤਾ ਉਸ ਵਿਚ ਸਮਾਂ ਜਾਂਦੀ ਹੈ।

ਸ਼ਾਇਦ ਇਹੋ ਹੀ ਕਾਰਨ ਹੈ ਕਿ ਚੰਗੇ ਕਾਰੀਗਰ ਨੂੰ ਦੈਵੀ ਗੁਣਾਂ ਵਾਲਾ ਅਤੇ ਮਾੜੇ ਕਾਰੀਗਰ ਨੂੰ ਮੰਦੇ ਭਾਗਾਂ ਵਾਲਾ ਸਮਝਿਆ ਜਾਂਦਾ ਹੈ। ਕਿੰਨੀ ਤਲਖ ਹਕੀਕਤ ਹੈ ਅੱਜ ਦੇ ਕਾਰੀਗਰ ਲੋਕਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ ਪਰ ਭਲੇ ਵੇਲਿਆਂ ਵਿਚ ਇਹ ਭਾਵਨਾ ਸੀ ਕਿ ਕੋਈ ਵੀ ਕਾਰੀਗਰ ਮੰਦੇ ਭਾਗਾਂ ਵਾਲਾ ਨਹੀਂ ਸੀ ਬਣਨਾ ਚਾਹੁੰਦਾ। ਇਸ ਲਈ ਵਿਸ਼ਵਕਰਮਾ ਦਾ ਪੈਰੋਕਾਰ ਹਰੇਕ ਕਾਰੀਗਰ ਪੂਰੀ ਲਗਨ, ਮਿਹਨਤ ਅਤੇ ਸਿਦਕ ਦਿਲੀ ਨਾਲ ਕੰਮ ਕਰਦਾ ਸੀ ਅਤੇ ਉਹ ਕੰਮ ਸੋਹਜਾਤਮਕ ਹੁੰਦਾ ਸੀ ਜਿਸ ਤਰ੍ਹਾਂ ਪਹਿਲਾਂ ਕਿਹਾ ਗਿਆ ਹੈ ਕਿ ਤਕਨਾਲੋਜੀਕਲ ਯੁੱਗ ਦੇ ਵਿਕਾਸ ਨਾਲ ਬੇਸ਼ੁਮਾਰ ਜਾਤਾਂ ਅਤੇ ਧਰਮਾਂ ਦੇ ਲੋਕ ਕਾਰੀਗਰੀ ਦੇ ਕਿੱਤੇ ਨੂੰ ਅਪਣਾ ਰਹੇ ਹਨ ਉਹ ਸਾਰੇ-ਸਾਰੇ ਹੀ ਆਪਣੇ ਆਪ ਨੂੰ ਵਿਸ਼ਵਕਰਮਾ ਦੇ ਪੈਰੋਕਾਰ ਸਮਝਦੇ ਹਨ। ਹਰ ਨਗਰ ਸ਼ਹਿਰ ਵਿਚ ਵਿਸ਼ਵਕਰਮਾ ਦੇ ਮੰਦਰ ਬਣ ਰਹੇ ਹਨ ਪਰ ਕਈ ਵਾਰ ਲੱਗਦਾ ਹੈ ਕਿ ਲੋਕ ਵਿਸ਼ਵਕਰਮਾ ਦੀ ਸਿੱਖਿਆ ਨੂੰ ਭੁੱਲ ਕੇ ਕਰਮ ਕਾਂਡ ਵਿਚ ਫਸਦੇ ਜਾ ਰਹੇ ਹਨ। ਹਰ ਵਰ੍ਹੇ ਵਿਸ਼ਵਕਰਮਾ ਡੇ ਤੇ ਇਕੱਠੇ ਹੋਏ, ਗਾਉਣ-ਵਜਾਉਣ ਕੀਤਾ, ਸ਼ਾਨਦਾਰ ਭੋਜਨ ਛਕਿਆ, ਕੁਝ ਲੋਕਾਂ ਨੂੰ ਮੋਮੈਂਟ ਦਿੱਤੇ ਅਤੇ ਕੁਝ ਇਕ ਦੇ ਗਲਾਂ 'ਚ ਸਿਰੋਪੇ ਪਾ ਕੇ ਤਾੜੀਆਂ ਮਾਰੀਆਂ ਤੇ ਬਸ। ਮਹਾਨ ਰਹਿਬਰ ਨੂੰ ਚੇਤਾ ਕਰਨ ਦਾ ਇਹ ਵਧੀਆ ਤੌਰ-ਤਰੀਕਾ ਨਹੀਂ ਹੈ। ਬਾਬਾ ਵਿਸ਼ਵਕਰਮਾ ਦਾ ਹੁਕਮ ਹੈ ਮੇਰਾ ਹਰੇਕ ਕਾਰੀਗਰ ਸਿਦਕਵਾਨ ਹੋਵੇਗਾ ਅਤੇ ਉਹ ਕਾਰੀਗਰੀ ਵਿਚ ਪੂਰੀ ਤਰ੍ਹਾਂ ਨਿਪੁੰਨ ਹੋਵੇਗਾ ਉਹ ਹਰ ਕੰਮ ਤੇ ਕਮਾਲ ਕਰੇਗਾ। ਕੀ ਸਾਡੇ ਲੋਕ ਇਸ ਸਿੱਖਿਆ ਤੇ ਚੱਲਦੇ ਹਨ?


## ਅਪੀਲ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਮੂਹ ਮੈਂਬਰਾਨ, ਕਾਰਜਕਾਰੀ ਮੈਂਬਰ, ਵਰਕਿੰਗ ਕਮੇਟੀ ਮੈਂਬਰ ਅਤੇ ਸਮੂਹ ਅਹੁਦੇਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪ ਜੀ ਨਾਲ ਸੰਪਰਕ ਕਰਨ ਲਈ ਆਪੋ ਆਪਣੇ ਮੋਬਾਈਲ ਜਾਂ ਟੈਲੀਫ਼ੋਨ ਨੰਬਰ ਅਤੇ ਈ-ਮੇਲ ਪਤਾ ਫਾਊਂਡੇਸ਼ਨ ਦੇ ਦਫ਼ਤਰ ਵਿਖੇ ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਮੈਨੇਜਮੈਂਟ ਵੱਲੋਂ ਫਾਊਂਡੇਸ਼ਨ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਸੰਬੰਧੀ ਸਮੇਂ ਸਿਰ ਆਪ ਜੀ ਨੂੰ ਸੂਚਿਤ ਕੀਤਾ ਜਾ ਸਕੇ।

**ਜਨਰਲ ਸਕੱਤਰ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

ਕਿਸ਼ਤ-9

# ਗੁਰ ਸਾਗਰ ਦੇ ਸੁੱਚੇ ਮੋਤੀ



**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ

ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ ’ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ ’ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

## ਸਕੂਲ ਦੀ ਇਮਾਰਤ ਲਈ ਭੱਠੇ ਦਾ ਚੜ੍ਹਾਉਣਾ ਲੱਕੜ ਵੱਢਣ ਦੀ ਹੱਥੀਂ ਸੇਵਾ

ਮਹਾਂਪੁਰਖਾਂ ਦੇਖਿਆ ਕਿ ਕੰਮ ਬਹੁਤ ਵੱਡਾ ਹੈ, ਇਸ ਲਈ ਆਪਣਾ ਭੱਠਾ ਚਾਲੂ ਕਰੀਏ। ਇਸ ਭੱਠੇ ਲਈ ਲੱਕੜ ਚਾਹੀਦੀ ਸੀ। ਆਪ ਜੀ ਨੇ ਟਾਂਡੇ ਦੀ ਸਾਰੀ ਸੰਗਤ ਨੂੰ ਕਿਹਾ ਕਿ ਭੱਠੇ ਲਈ ਲੱਕੜ ਚਾਹੀਦੀ ਹੈ, ਜਿਸ ਪਾਸ ਕੋਈ ਬੇਰੀ ਹੈ, ਕਿੱਕਰ ਹੈ, ਟਾਹਲੀ ਹੈ, ਉਹ ਇਕ-ਇਕ ਦਰੱਖ਼ਤ ਅਰਦਾਸ ਕਰਵਾਏ। ਬੜੇ ਸਿੰਘਾਂ ਨੇ ਦਰੱਖਤ ਅਰਦਾਸ ਕਰਾਏ। ਉਨ੍ਹਾਂ ਨੂੰ ਵਢਾਉਣ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਆਪ ਸਾਰਾ ਦਿਨ ਆਪਣੇ ਨਾਲ ਦੇ ਸਿੰਘਾਂ ਭਾਈ ਗੁਰਚਰਨ ਸਿੰਘ, ਭਾਈ ਭਾਗ ਸਿੰਘ, ਭਾਈ ਕੇਹਰ ਸਿੰਘ ਅਤੇ ਪਿੰਡ ਦੇ ਕਈ ਹੋਰ ਸਿੰਘ ਭੀ ਸਾਰਾ ਦਿਨ ਦਰੱਖ਼ਤ ਵੱਢਦੇ ਰਹਿੰਦੇ। ਇਸ ਤਰ੍ਹਾਂ ਕਈ ਦਿਨ ਬਾਦ ਦਰੱਖ਼ਤ ਵੱਢ-ਵੱਢ ਕੇ ਬਾਲਣ ਦੇ ਅੰਬਾਰ ਲੱਗ ਗਏ। ਭੱਠਾ ਚੜ੍ਹਾਇਆ। ਸ. ਮੇਲਾ ਸਿੰਘ ਸ਼ਾਹ ਭੱਠਿਆਂ ਦਾ ਕੰਮ ਕਰਦੇ ਸਨ, ਇਹ ਕੰਮ ਇਨ੍ਹਾਂ ਦੇ ਹੀ ਸਪੁਰਦ ਕੀਤਾ ਹੋਇਆ ਸੀ। ਭੱਠਾ ਚਾੜ੍ਹਿਆ, ਬੜੀਆਂ ਸੋਹਣੀਆਂ ਪੱਕੀਆਂ ਇੱਟਾਂ ਨਿਕਲੀਆਂ। ਚਿਣਾਈ ਦਾ ਕੰਮ ਸ਼ੁਰੂ ਕੀਤਾ। ਉਦੋਂ ਸੀਮਿੰਟ ਤਾਂ ਹੁੰਦਾ ਨਹੀਂ ਸੀ, ਚੂਨੇ ਦੀ ਲੋੜ ਸੀ, ਮਹਾਂਪੁਰਖਾਂ ਨੇ ਬਾਹਰੋਂ ਰੋੜ ਲਿਆਉਣ ਲਈ ਸੰਗਤਾਂ ਨੂੰ ਹੁਕਮ ਕੀਤਾ। ਮਾਈਆਂ, ਬੀਬੀਆਂ ਅਤੇ ਸਿੰਘਾਂ ਨੇ ਬਾਹਰੋਂ ਰੋੜ ਲਿਆ ਕੇ ਟਾਲ ਲਾ ਦਿੱਤੇ। ਭੱਠੀਆਂ ਚੜ੍ਹਾਈਆਂ, ਉਨ੍ਹਾਂ ਦਾ ਚੂਨਾ ਬੜਾ ਸ਼ਾਨਦਾਰ ਤਿਆਰ ਕਰਾਇਆ, ਜੋ ਡਾਟਾਂ ਆਦਿ ਵਿਚ ਕੰਮ ਆਇਆ। ਇਹ ਚੂਨਾ ਅੱਜਕਲ੍ਹ ਦੇ ਸੀਮਿੰਟ ਨਾਲੋਂ ਭੀ ਬਹੁਤ ਮਜ਼ਬੂਤ ਸੀ। ਇਸ ਤਰ੍ਹਾਂ ਸਕੂਲ ਦੀ ਬੜੀ ਭਾਰੀ ਇਮਾਰਤ ਜਲਦੀ ਹੀ ਤਿਆਰ ਹੋ ਗਈ।

ਸਕੂਲ ਦੀ ਬਿਲਡਿੰਗ ਦੇ ਨਾਲ ਹੀ ਬਹੁਤ ਵੱਡਾ ਹੋਸਟਲ ਤਿਆਰ ਕਰਵਾਇਆ। ਚਾਰੇ ਪਾਸੇ ਕਮਰੇ, ਇਕ ਪਾਸੇ ਹੋਸਟਲ ਦੇ ਉੱਤੇ ਗੁਰਦੁਆਰਾ, ਜਿਸ ਗੁਰਦੁਆਰੇ ਦੀ ਇਮਾਰਤ ਦਾ ਸਾਰਾ ਖਰਚ ਡਾਕਟਰ ਫੱਗਾ ਸਿੰਘ ਜੀ ਬਜ਼ੁਰਗਵਾਲ ਵਾਲਿਆਂ ਨੇ ਕੀਤਾ। ਹੋਸਟਲ ਦੇ ਗੇਟ ’ਤੇ ਭਰੜੀ ਦੇ ਇਲਾਕੇ ਦੀ ਸੰਗਤ ਦਾ ਪੱਥਰ ਲੁਆਇਆ ਅਤੇ ਗੁਰਦੁਆਰੇ ਦੀ ਸੇਵਾ ਦਾ ਪੱਥਰ ਡਾਕਟਰ ਫੱਗਾ ਸਿੰਘ ਬਜ਼ੁਰਗਵਾਲ ਵਾਲਿਆਂ ਦਾ ਲੁਆਇਆ।

## ਹਾਈ ਸਕੂਲ ਦਾ ਬੁਨਿਆਦੀ ਪੱਥਰ ਰੱਖਣ ਦਾ ਸਮਾਗਮ

ਸੰਨ 1922 ਦੀ ਪੋਹ ਸੁਦੀ ਸਤਮੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ ਦਾ ਬੁਨਿਆਦੀ ਪੱਥਰ, ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਹੱਥੀਂ ਰੱਖਣ ਲਈ ਇਕ ਬੜਾ ਸ਼ਾਨਦਾਰ ਪ੍ਰੋਗਰਾਮ ਬਣਾਇਆ ਗਿਆ। ਬੜੇ ਉੱਚਕੋਟੀ ਦੇ ਮਸ਼ਹੂਰ ਰਾਗੀ ਭਾਈ ਸ਼ੇਰ ਸਿੰਘ ਜੀ ਗੁੱਜਰਾਂ ਵਾਲੀਏ ਮੰਗਵਾਏ। ਆਲੇ ਦੁਆਲੇ ਪਿੰਡਾਂ ਦੀਆਂ ਸੰਗਤਾਂ ਹੁਮ-ਹੁਮਾ ਕੇ ਪੁੱਜੀਆਂ। ਬੜਾ ਭਾਰੀ ਇਕੱਠ ਹੋਇਆ। ਬੜੇ ਬੈਂਡ ਵਾਜੇ ਅਤੇ ਅਸਤ-ਬਾਜ਼ੀਆਂ ਨਾਲ ਅਕਾਸ਼ ਗੂੰਜ ਉੱਠਿਆ। ਭਾਈ ਸ਼ੇਰ ਸਿੰਘ ਜੀ ਨੇ ਆਪਣੇ ਗਲੇ ਦੀ ਹਰਕਤ ਨਾਲ ਤਾਨਾਂ ਮਾਰ ਕੇ ਕੀਰਤਨ ਦਾ ਬੜਾ ਭਾਰੀ ਰਸ ਬਣਾਇਆ। ਇਕ ਕਲਗੀਧਾਰੀ ਜੀ ਦਾ ਆਗਮਨ ਦਿਹਾੜਾ, ਦੂਸਰਾ ਮਹਾਂਪੁਰਖਾਂ ਦਾ ਬੜੀ ਭਾਰੀ ਘਾਲਣਾ ਘਾਲ ਕੇ ਇਤਨੀ ਵੱਡੀ ਇਮਾਰਤ ਥੋੜ੍ਹੇ ਸਮੇਂ ਵਿਚ ਤਿਆਰ ਕਰ ਦੇਣਾ, ਇਸ ਪੁਰਬ ਨੂੰ ਹੋਰ ਭੀ ਭਾਰੀ ਉਤਸ਼ਾਹ ਤੇ ਖੁਸ਼ੀਆਂ ਭਰਪੂਰ ਕਰ ਦਿੱਤਾ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਹੱਥੀਂ ਬੁਨਿਆਦੀ ਪੱਥਰ ਰੱਖਿਆ ਗਿਆ। ਪਹਿਲੇ ਹੀ ਇਹ ਪ੍ਰੋਗਰਾਮ ਬਣਾਇਆ ਸੀ ਕਿ ਸਕੂਲ ਦੀ ਇਮਾਰਤ ਤਿਆਰ ਹੋ ਜਾਵੇ, ਫਿਰ ਬੁਨਿਆਦੀ ਪੱਥਰ ਰੱਖਣ ਦੀ ਰਸਮ ਅਦਾ ਕਰਾਂਗੇ। ਇਸ ਤਰ੍ਹਾਂ ਬੜੀ ਸ਼ਾਨ ਨਾਲ ਮਹਾਂਪੁਰਖਾਂ ਦੇ ਹੱਥੀਂ ਬੁਨਿਆਦੀ ਪੱਥਰ ਰੱਕਣ ਦੀ ਰਸਮ

ਅਦਾ ਹੋਈ।

## ਟਾਂਡਾ ਹਾਈ ਸਕੂਲ ਦੇ ਹਿਸਾਬ-ਕਿਤਾਬ ਦੀ ਪਹਿਲੀ ਰਿਪੋਰਟ

ਕਈ ਲੋਕ ਚਾਹੁੰਦੇ ਸਨ ਕਿ ਟਾਂਡਾ ਸਕੂਲ ਦੀ ਆਮਦਨ ਖਰਚ ਦੀ ਰਿਪੋਰਟ ਛਾਪੀ ਜਾਵੇ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਦਾਸ ਨੂੰ ਰਿਪੋਰਟ ਤਿਆਰ ਕਰਕੇ ਛਪਾਉਣ ਦੀ ਆਗਿਆ ਕੀਤੀ। ਸਾਰੇ ਪਿੰਡਾਂ ਦੀ ਉਗਰਾਹੀ, ਹਰ ਇਕ ਆਦਮੀ ਦਾ ਨਾਮ, ਜੋ ਰਕਮ ਜਿਸ ਨੇ ਦਿੱਤੀ ਸੀ, ਇਹ ਮੇਰੇ ਪਾਸ ਪਹਿਲੇ ਹੀ ਲਿਖੀ ਹੋਈ ਸੀ। ਉਸ ਦਾ ਕੁੱਲ ਟੋਟਲ ਇਕ ਲੱਖ ਪੈਂਤੀ ਹਜ਼ਾਰ ਬਣਦਾ ਸੀ। ਇਸ ਵਿਚੋਂ ਜੋ ਇਮਾਰਤ ਤੇ ਖਰਚ ਹੋਇਆ, ਮਜ਼ਦੂਰੀ, ਲੱਕੜ, ਗਾਡਰ, ਮਸਾਲਾ, ਚੂਨਾ ਤੇ ਭੱਠੇ ਦਾ ਖਰਚ, ਸਭ ਖਰਚ ਕਰਕੇ ਭੀ ਕਾਫੀ ਰੁਪਿਆ ਬਚ ਗਿਆ ਸੀ। ਟਾਂਡੇ ਦੀ ਸੰਗਤ ਅਤੇ ਕਿਲ੍ਹਾ ਸੁਰਾ ਸਿੰਘ ਆਦਿ ਨੇੜੇ ਦੇ ਪਿੰਡਾਂ ਨੇ ਹੱਥੀਂ ਸੇਵਾ ਬਹੁਤ ਕੀਤੀ ਸੀ। ਟਾਂਡੇ ਦੀ ਸੰਗਤ ਨੇ ਜ਼ਮੀਨ ਦਿੱਤੀ, ਦਰੱਖਤ ਭੱਠੇ ਦੇ ਬਾਲਣ ਲਈ ਦਿੱਤੇ, ਉਗਰਾਹੀ ਵਿਚ ਦਿਲ ਖੋਲ੍ਹ ਕੇ ਮਾਇਆ ਦਿੱਤੀ। ਭਾਵੇਂ ਇਸ ਮਹਾਨ ਯੱਗ ਵਿਚ ਪੂਰੀ ਬਰਾਦਰੀ ਨੇ ਆਪਣਾ ਸਾਰਾ ਯੋਗ ਹਿੱਸਾ ਪਾਇਆ, ਪਰ ਟਾਂਡੇ ਦੀ ਸੰਗਤ ਨੇ ਜੋ ਹੱਥੀਂ ਸੇਵਾ ਕੀਤੀ, ਉਹ ਭੀ ਲੁਬਾਣਾ ਬਰਾਦਰੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਵੇਗੀ।

ਦਾਸ ਨੇ ਰਿਪੋਰਟ ਲਿਖ ਕੇ ਛਪਵਾ ਕੇ ਸੰਗਤਾਂ ਵਿਚ ਵੰਡੀ। ਜਿਸ ਨੂੰ ਵੇਖ ਕੇ ਲੋਕ ਹੈਰਾਨ ਹੋ ਗਏ। ਇਕ ਛੋਟੀ ਜਿਹੀ ਬਰਾਦਰੀ ਵਿਚੋਂ ਇਤਨਾ ਰੁਪਿਆ ਇਕੱਠਾ ਹੋ ਜਾਣਾ, ਉਸ ਸਮੇਂ ਜਦੋਂ ਕਿ ਰੁਪਿਆ ਬੜਾ ਮੁਸ਼ਕਲ ਬਣਦਾ ਸੀ। ਇਹ ਸਭ ਸ਼ਕਤੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੀ, ਉਨ੍ਹਾਂ ਨੇ ਇਕ ਚਮਤਕਾਰਾ ਕਰਕੇ ਵਿਖਾ ਦਿੱਤਾ ਅਤੇ ਏਡੀ ਵੱਡੀ ਸਕੂਲ ਦੀ ਇਮਾਰਤ ਬਣਾ ਕੇ ਲੁਬਾਣਾ ਬਰਾਦਰੀ ਦੀ ਸ਼ਾਨ ਉੱਚੀ ਕਰ ਦਿੱਤੀ।

## ਟਾਂਡਾ ਹਾਈ ਸਕੂਲ ਦਾ ਸਟਾਫ਼

ਮਹਾਂਪੁਰਖਚ 'ਹੁੰਦੇਸ ਨਿ ਕਸ ਕੂਲਿ ਵਚਸ ਟਾਫ਼ਿ ਸੱਖਹੋ ਵੇਤੋ ਧਾਰਮਿਕ ਖਿਆਲਾਂ ਦਾ ਹੋਵੇ। ਕੁਝ ਚਿਰ ਸਿੱਖ ਟੀਚਰ ਤਾਂ ਮਿਲ ਨਾ ਸਕੇ, ਭਾਵੇਂ ਗੈਰ ਸਿੱਖ ਹੀ ਸਨ, ਪਰ ਚੰਗੇ ਸਨ। ਪਹਿਲੇ ਹੈੱਡ ਮਾਸਟਰ ਬਿੰਦਰਾ ਸਾਹਿਬ ਵਜ਼ੀਰਾਬਾਦ ਤੋਂ ਲਿਆਂਦੇ। ਬੜੇ ਲਾਇਕ ਸਨ। ਫਿਰ ਲਾਲਾ ਠਾਕਰ ਦਾਸ ਪੁਰੀ ਸਿਆਲਕੋਟ ਤੋਂ, ਫਿਰ ਸ. ਨਿਹਾਲ ਸਿੰਘ, ਫਿਰ ਸ. ਅਨੂਪ ਸਿੰਘ ਆਦਿ ਬੜੇ ਲਾਇਕ ਉਸਤਾਦ ਸਨ। ਫਿਰ ਸ. ਬਲਵੰਤ ਸਿੰਘ ਲਾਲੀਆ ਆਪਣੇ ਮਿਲ ਗਏ। ਸ. ਸੰਤ ਸਿੰਘ ਸਮੁੰਦਰੀ ਆਦਿ ਹੈੱਡ ਮਾਸਟਰਾਂ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਸ. ਸੰਤ ਸਿੰਘ ਜੀ ਕੁਆਂਖ ਤੇ ਮਾਸਟਰ ਜਗਤ ਸਿੰਘ ਜੀ ਭਖੜੇਅਲੀ ਵਾਲੇ, ਇਨ੍ਹਾਂ ਭੀ ਕੁਝ ਸਾਲ ਪੜ੍ਹਾਇਆ। ਦੋ ਸਾਲ ਪੰਜਾਬੀ ਅਤੇ ਧਾਰਮਿਕ ਟੀਚਰ ਦੇ ਤੌਰ ਤੇ ਦਾਸ ਨੇ ਭੀ ਸੇਵਾ ਕੀਤੀ। ਮਹਾਂਪੁਰਖਾਂ ਦੇ ਬੜੇ ਸ਼ਰਧਾਲੂ ਮਾਸਟਰ ਪ੍ਰੇਮ ਸਿੰਘ ਜੀ ਨੇ 12 ਸਾਲ ਹੈੱਡ ਮਾਸਟਰੀ ਦੀ ਸੇਵਾ ਕੀਤੀ। ਮਹਾਂਪੁਰਖਾਂ ਨੇ ਆਪਣੀ ਹੱਥੀਂ ਇਹ ਬੂਟਾ ਲਾ ਕੇ ਕੁਝ ਚਿਰ ਇਸ ਨੂੰ ਫਲਦਾ ਫੁਲਦਾ ਦੇਖਿਆ। ਇਸ ਬੂਟੇ ਦੇ ਚੰਗੇ ਫਲ ਭੀ ਆਪਣੇ ਅੱਖੀਂ ਦੇਖੇ ਤੇ ਬੜੇ ਖੁਸ਼ ਹੋਏ।

1947 ਵਿਚ ਪਾਕਿਸਤਾਨ ਬਣਨ ਉਪਰੰਤ ਟਾਂਡਾ ਸਕੂਲ ਦੇ ਨਾਮ 'ਤੇ ਚੌਧਰੀ ਲਖੀ ਸਿੰਘ ਨੇ, ਜੋ ਇਸ ਸਕੂਲ ਦੇ ਸੈਕਟਰੀ ਸਨ, 1-4-50 ਨੂੰ ਮਿਆਣੀ ਪਠਾਨਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬੜੀ ਵੱਡੀ ਇਮਾਰਤ ਬਣਾ ਕੇ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਚਾਲੂ ਕਰ ਦਿੱਤਾ ਅਤੇ ਸਕੂਲ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਸੰਗਮਰਮਰ ਦਾ ਬੁੱਤ ਬਣਾ ਕੇ ਖੜ੍ਹਾ ਕੀਤਾ।

## ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਤੇ ਸੰਗਮਰਮਰ ਲੁਆਉਣਾ

ਪਤਾ ਲੱਗਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ 17 ਜੂਨ, 1923 ਨੂੰ ਹੋ ਰਹੀ ਹੈ। ਮਹਾਂਪੁਰਖਾਂ ਨੇ ਭੀ ਬਹੁਤ ਸਾਰੀ ਸੰਗਤ ਸਮੇਤ ਕਾਰ ਸੇਵਾ ਲਈ ਉੱਦਮ ਕੀਤਾ। ਆਪ ਜੀ ਦੇ ਨਾਲ ਦਾਸ ਭੀ ਦਰਸ਼ਨਾਂ ਲਈ ਤਿਆਰ ਹੋਇਆ। ਸਾਰੀ ਸੰਗਤ ਸ੍ਰੀ ਅੰਮ੍ਰਿਤਸਰ ਇਕ ਦਿਨ ਪਹਿਲੇ ਪੁੱਜੀ। ਗਿ. ਅਮੀਰ ਸਿੰਘ ਹੋਰਾਂ ਦੇ ਡੇਰੇ ਵਿਚ ਰਿਹਾਇਸ਼ ਰੱਖੀ। ਸਵੇਰੇ ਉੱਠੇ, ਇਸ਼ਨਾਨ ਆਦਿ ਕਿਰਿਆ ਸਾਧ ਕੇ ਦਰਸ਼ਨਾਂ ਲਈ ਪੁੱਜੇ। ਸੰਗਤਾਂ ਦਾ ਇਕੱਠ, ਜਿਸ ਦਾ ਕੋਈ ਪਾਰਾਵਾਰ ਨਹੀਂ ਸੀ। ਕੋਸ਼ਿਸ਼ ਕੀਤੀ ਕਿ ਪਿਪਲੀ ਸਾਹਿਬ ਤੋਂ ਨਗਰ ਕੀਰਤਨ ਨਿਕਲਣਾ ਹੈ ਤੇ ਘੰਟਾ ਘਰ ਆ ਕੇ ਸਮਾਪਤ ਹੋਣਾ ਹੈ, ਪਹਿਲੇ ਪਿਪਲੀ ਸਾਹਿਬ ਚਲ ਕੇ ਦਰਸ਼ਨ ਕਰੀਏ। ਦਾਸ ਤੇ ਹੋਰ ਪ੍ਰੇਮੀ ਪੈਦਲ ਹੀ ਪਿਪਲੀ ਸਾਹਿਬ ਪੁੱਜੇ, ਦੌੜ ਭੱਜ ਕੀਤੀ, ਘੰਟਾ ਘਰ ਪੁੱਜੇ, ਪਰ ਨਗਰ ਕੀਰਤਨ ਦਾ ਅਗਲਾ ਸਿਰਾ ਨਾ ਦੇਖ ਸਕੇ। ਭਾਵ ਲੱਖਾਂ ਦੀ ਗਿਣਤੀ ਦਾ ਸੰਗਤਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਭੀ ਸੇਵਾ ਲਈ ਪੁੱਜੇ ਸਨ। ਬਾਬਾ ਸ਼ਾਮ ਸਿੰਘ ਆਦਿ ਪੰਜ ਪਿਆਰੇ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟੇ ਲੈ ਕੇ ਹਰਿ ਕੀ ਪੌੜੀ ਪੁੱਜੇ। ਕਾਰ ਸੇਵਾ ਦਾ ਅਰੰਭ ਕੀਤਾ। ਪਰ ਸੈਂਟਰਲ ਮਾਝਾ ਦੀਵਾਨ ਦਾ ਤੇ ਕਾਰ ਸੇਵਾ ਕਮੇਟੀ ਦੇ ਮਤਭੇਦ ਕਾਰਨ, ਸੈਂਟਰਲ ਮਾਝਾ ਦੀਵਾਨ ਨੇ ਇਲਾਚੀ ਬੇਰ ਦੇ ਪਾਸ ਲੋਹੇ ਦੀਆਂ ਕਹੀਆਂ ਨਾਲ ਪਹਿਲੇ ਹੀ ਕਾਰ ਸੇਵਾ ਸ਼ੁਰੂ ਕਰ ਦਿੱਤੀ। ਕਿਉਂਕਿ ਸੈਂਟਰਲ ਮਾਝਾ ਦੀਵਾਨ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟਿਆਂ ਦੇ ਖਿਲਾਫ਼ ਸੀ। ਮਹਾਰਾਜਾ ਪਟਿਆਲਾ ਨੇ ਭੀ ਕਾਰ ਸੇਵਾ ਦਾ ਬਾਟਾ ਆਪਣੇ ਸਿਰ ਤੇ ਚੁੱਕ ਕੇ ਸੇਵਾ ਕੀਤੀ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਭੀ ਆਪਣੇ ਸਿਰ ਤੇ ਕਾਰ ਸੇਵਾ ਦਾ ਬਾਟਾ ਰੱਖ ਕੇ ਸੇਵਾ ਕੀਤੀ। ਇਸ ਮਹਾਨ ਸੇਵਾ ਦੇ ਸਮੇਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ, ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਲੇ ਦੱਖਣ ਵਾਲੇ ਪਾਸੇ, ਜਿਥੇ ਸੰਗਮਰਮਰ ਲੱਗਣ ਵਾਲਾ ਸੀ, ਉਸ ਸਾਰੇ ਪੱਖ ਦੀ ਸੰਗਮਰਮਰ ਦੀ ਸੇਵਾ ਕਰਾਉਣ ਲਈ ਮਾਇਆ ਅਰਦਾਸ ਕਰਾ ਦਿੱਤੀ। ਆਪ ਜੀ ਦੇ ਨਾਮ ਦਾ ਪੱਥਰ ਸ੍ਰੀ ਦਰਬਾਰ ਸਾਹਿਬ ਦੇ ਦੱਖਣ ਵਾਲੇ ਪਾਸੇ ਲੱਗਾ ਹੋਇਆ ਹੁਣ ਭੀ ਸੁਭਾਇਮਾਨ ਹੋ ਰਿਹਾ ਹੈ। ਇਸ ਤਰ੍ਹਾਂ ਆਪ ਜੀ ਦੇ ਅੰਦਰ ਗੁਰ ਅਸਥਾਨਾਂ ਦੀ ਸੇਵਾ ਦਾ ਕਿਤਨਾ ਉਤਸ਼ਾਹ ਸੀ ਤੇ ਕਿਤਨੀ ਉਦਾਰਤਾ ਸੀ। ਸੇਵਾ ਕਰਕੇ ਆਪ ਵਾਪਸ ਮੁਰਾਲੇ ਪੁੱਜ ਗਏ।

## ਹੋਰ ਇਲਾਕਿਆਂ ਵਿਚ ਹਾਈ ਸਕੂਲ

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਟਾਂਡੇ ਸਕੂਲ ਨੂੰ ਚਾਲੂ ਕਰਕੇ ਲੁਬਾਣਾ ਬਰਾਦਰੀ ਵਿਚ ਇਕ ਵਿਦਿਆ ਦੀ ਲਹਿਰ ਪੈਦਾ ਕਰ ਦਿੱਤੀ। ਲੋਕਾਂ ਦੇ ਦਿਲਾਂ ਵਿਚ ਬੱਚਿਆਂ ਨੂੰ ਵਿਦਿਆ ਪੜ੍ਹਾਉਣ ਲਈ ਉਤਸ਼ਾਹ ਪੈਦਾ ਹੋ ਗਿਆ। ਤਹਿਸੀਲ ਸ਼ਾਹਦਰਾ ਦੇ ਕਾਲਰ ਦੇ ਇਲਾਕੇ ਦੇ ਲੁਬਾਣਾ ਬਰਾਦਰੀ ਦੇ ਸਰਕਰਦਾ ਪਤਵੰਤੇ ਸੱਜਣਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਬੇਨਤੀ ਕੀਤੀ ਕਿ ਇਕ ਹਾਈ ਸਕੂਲ ਕਾਲਰ ਦੇ ਇਲਾਕੇ ਵਿਚ ਭੀ ਖੋਲ੍ਹਣ ਦੀ ਕ੍ਰਿਪਾ ਕਰੋ। ਟਾਂਡਾ ਦੂਰ ਹੈ, ਇਤਨੀ ਦੂਰ ਜਾ ਕੇ ਬੱਚਿਆਂ ਲਈ ਪੜ੍ਹਨਾ

ਔਖਾ ਹੈ।

ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰਕੇ 1944 ਈ. ਵਿਚ ਬਾਵਕਵਾਲ ਪਿੰਡ ਵਿਖੇ ਹਾਈ ਸਕੂਲ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਤੇ ਹੀ ਖੋਹਲ ਦਿੱਤਾ ਗਿਆ। ਉਗਰਾਹੀ ਬੜੇ ਜ਼ੋਰ ਸ਼ੋਰ ਨਾਲ ਕੀਤੀ। ਕਾਫੀ ਰੁਪਿਆ ਇਕੱਠਾ ਕਰਕੇ ਇਕ ਕਮੇਟੀ ਬਣਾ ਦਿੱਤੀ, ਜਿਸ ਕਮੇਟੀ ਦੇ ਪ੍ਰਧਾਨ ਆਪ ਸਨ ਅਤੇ ਸ. ਸੰਤ ਸਿੰਘ ਸਮੁੰਦਰੀ ਇਸ ਦੇ ਹੈੱਡਮਾਸਟਰ ਨਿਯਤ ਕਰ ਦਿੱਤੇ। ਇਹ ਸਕੂਲ ਪਾਕਿਸਤਾਨ ਬਣਨ ਤੋਂ ਪਿਛੋਂ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਚਾਲੂ ਕੀਤਾ ਗਿਆ, ਜੋ ਠੀਕ ਚੱਲ ਰਿਹਾ ਹੈ.

1945 ਈ. ਵਿਚ ਖੋੜੀ ਦੂਨਾ ਸਿੰਘ ਜ਼ਿਲ੍ਹਾ ਗੁਜਰਾਤ ਵਿਚ ਆਪ ਜੀ ਨੇ ਹਾਈ ਸਕੂਲ ਖੋਹਲ ਦਿੱਤਾ। ਉਸਦਾ ਨਾਮ ਵੀ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਰੱਖਿਆ ਗਿਆ ਜੋ ਪਾਕਿਸਤਾਨ ਬਣਨ ਪਿਛੋਂ ਪਿੰਡ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਖੋਲ੍ਹਿਆ ਗਿਆ, ਜੋ ਹੁਣ ਠੀਕ ਚੱਲ ਰਿਹਾ ਹੈ। ਵੱਡੀ ਗਿਣਤੀ ਵਿਚ ਬੱਚੇ ਪੜ੍ਹਦੇ ਹਨ।

ਆਪ ਜੀ ਨੇ ਦੁਆਬੇ ਦੀ ਬਰਾਦਰੀ ਦੇ ਸਿੰਘਾਂ ਦੀ ਬੇਨਤੀ ਮੰਨ ਕੇ ਪਿੰਡ ਭਟਨੂਰਾ ਜ਼ਿਲ੍ਹਾ ਜਲੰਧਰ ਵਿਚ 1946 ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਹਲਿਆ। ਉਗਰਾਹੀ ਕਰਕੇ ਪੈਸੇ ਭੀ ਇਨ੍ਹਾਂ ਨੂੰ ਇਕੱਠੇ ਕਰ ਦਿੱਤੇ ਤੇ ਕਮੇਟੀ ਬਣਾ ਕੇ ਸਕੂਲ ਦਾ ਪ੍ਰਬੰਧ ਵੀ ਇਨ੍ਹਾਂ ਦੇ ਜ਼ਿੰਮੇ ਕਰ ਦਿੱਤਾ।

ਨੰਗਲ ਲੁਬਾਣਾ ਵਿਚ ਭੀ ਆਪ ਜੀ ਨੇ ਹਾਈ ਸਕੂਲ ਖੋਲ੍ਹਿਆ, ਜਿਸਦਾ ਨਾਮ ਭੀ ਸੰਤ ਪ੍ਰੇਮ ਸਿੰਘ ਜੀ ਖਾਲਸਾ ਹਾਈ ਸਕੂਲ ਹੀ ਰੱਖਿਆ। ਇਸ ਨਗਰ ਨੂੰ ਭੀ ਉਗਰਾਹੀ ਕਰਕੇ ਮਾਇਆ ਇਕੱਠੀ ਕਰ ਦਿੱਤੀ ਤੇ ਕਮੇਟੀ ਬਣਾ ਕੇ ਸਕੂਲ ਦਾ ਪ੍ਰਬੰਧ ਉਸਦੇ ਸਪੁਰਦ ਕਰ ਦਿੱਤਾ। ਇਸ ਤਰ੍ਹਾਂ ਹੋਰ ਭੀ ਕਈ ਹਾਈ ਸਕੂਲ ਤੇ ਮਿਡਲ ਸਕੂਲ ਖੋਲ੍ਹ ਕੇ ਸਕੂਲਾਂ ਦਾ ਇਕ ਤਰ੍ਹਾਂ ਜਾਲ ਵਿਛਾ ਦਿੱਤਾ। ਇਸ ਤਰ੍ਹਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਵਿੱਦਿਆ ਖੇਤਰ ਵਿਚ ਉਹ ਕੰਮ ਕੀਤਾ ਜੋ ਵੱਡੀਆਂ-ਵੱਡੀਆਂ ਸੰਸਥਾਵਾਂ ਭੀ ਨਹੀਂ ਕਰ ਸਕੀਆਂ। ਇਕ ਤਰ੍ਹਾਂ ਵਿਦਿਆ ਦਾ ਆਪ ਜੀ ਨੇ ਪ੍ਰਵਾਹ ਚਲਾ ਦਿੱਤਾ। ਉਨ੍ਹਾਂ ਦੇ ਪਿਛੋਂ ਬਰਾਦਰੀ ਦੇ ਕਈ ਸੱਜਣਾਂ ਨੇ ਉੱਦਮ ਕਰਕੇ ਇਕ ਕਾਲਜ ਬੇਗੋਵਾਲ ਅਤੇ ਇਕ ਕਾਲਜ ਨਡਾਲੇ, ਦੋ ਕਾਲਜ ਚਾਲੂ ਕਰ ਦਿੱਤੇ। ਇਹ ਦੋਵੇਂ ਕਾਲਜ ਜ਼ਿਲ੍ਹਾ ਕਪੂਰਥਲਾ ਵਿਚ ਹਨ, ਜਿਨ੍ਹਾਂ ਵਿਚ ਬੱਚੇ ਥੋੜ੍ਹਾ ਖਰਚ ਕਰਕੇ ਵਿਦਿਆ ਹਾਸਲ ਕਰ ਰਹੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਆਰੰਭ ਜਨਵਰੀ 1922 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਆਗਿਆ ਨਾਲ ਮੁਰਾਲੇ ਡੇਰਾ ਕੀਤਾ ਸੀ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਕਾਰ ਸੇਵਾ ਤੋਂ ਵਾਪਸ ਆ ਕੇ ਕਥਾ ਦਾ ਪ੍ਰੋਗਰਾਮ ਉਸੇ ਤਰ੍ਹਾਂ ਜਾਰੀ ਕੀਤਾ। ਟਾਂਡੇ ਸਕੂਲ ਦੇ ਕੰਮ ਤੋਂ ਭੀ ਕੁਝ ਵਿਹਲ ਹੋ ਗਈ ਸੀ।

ਸੰਗਤਾਂ ਨੂੰ ਪਤਾ ਲੱਗ ਗਿਆ ਕਿ ਹੁਣ ਮਹਾਂਪੁਰਖ ਡੇਰੇ ਹੀ ਰਹਿੰਦੇ ਹਨ ਤੇ ਕਥਾ ਭੀ ਰੋਜ਼ ਹੁੰਦੀ ਹੈ। ਇਸ ਲਈ ਨੇੜੇ ਦੇ ਪਿੰਡਾਂ ਦੀਆਂ ਸੰਗਤਾਂ ਹੁਮ-ਹੁਮਾ ਕੇ ਰੋਜ਼ ਬੜੇ ਪਿਆਰ ਨਾਲ ਕਥਾ ਸੁਣਨ ਲਈ ਪੁੱਜਦੀਆਂ ਸਨ। ਅਕਾਲੀ ਲਹਿਰ ਜ਼ੋਰਾਂ ਤੇ ਸੀ। ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਨੇ ਤੇ ਗੁਰੂ ਦੇ ਬਾਗ ਦੇ, ਜੈਤੋ ਦੇ ਅਤੇ ਭਾਈ ਫੇਰੂ ਦੇ ਮੋਰਚਿਆਂ ਨੇ ਸਿੱਖਾਂ ਵਿਚ ਬੜਾ ਭਾਰੀ ਜਜ਼ਬਾ ਪੈਦਾ ਕਰ ਦਿੱਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਭੋਗ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਆਗਿਆ ਨਾਲ ਚੇਤਰ ਦੀ ਪੂਰਨਮਾਸ਼ੀ ਨੂੰ ਸੰਨ 1924 ਵਿਚ ਪਾ ਦਿੱਤਾ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਨਾਲ ਲਗਭਗ ਸਵਾ ਦੋ ਸਾਲ ਵਿਚ ਕਥਾ ਦੀ ਸਮਾਪਤੀ ਹੋਈ। ਬਾਹਰ ਭੀ ਮਹਾਂਪੁਰਖਾਂ ਦੇ ਨਾਲ ਟਾਂਡੇ ਸਕੂਲ ਦੀ ਉਗਰਾਹੀ ਲਈ ਜਾਣਾ ਹੁੰਦਾ ਸੀ। ਫਿਰ ਭੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਤਨੇ ਸਮੇਂ ਵਿਚ ਸਮਾਪਤੀ ਹੋ ਗਈ। ਮਹਾਂਪੁਰਖਾਂ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਈ। ਲੰਗਰ ਬੜਾ ਸ਼ਾਨਦਾਰ ਤਿਆਰ ਕਰਵਾਇਆ। ਬੜੀ ਖੁਸ਼ੀ ਮਨਾਈ। ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ। ਸਤਿਗੁਰਾਂ ਦਾ ਕੋਟਨਕੋਟ ਧੰਨਵਾਦ ਕੀਤਾ। ਦਾਸ ਦੀ ਉਮਰ ਉਸ ਵਕਤ 22 ਸਾਲ ਦੀ ਸੀ, ਦਾਹੜੀ ਭੀ ਥੋੜ੍ਹੀ ਜਿਹੀ ਹੀ ਲੱਥੀ ਸੀ। ਪੜ੍ਹਾਈ ਦੀ ਤਿਆਰੀ ਭੀ ਨਵੀਂ ਹੀ ਸੀ। ਫਿਰ ਜੋ ਕਥਾ ਰੋਜ਼ ਕਰਨੀ ਹੁੰਦੀ ਸੀ, ਉਸ ਦੀ ਤਿਆਰੀ ਕਰਕੇ ਕਥਾ ਕਰੀਦੀ ਸੀ, ਜਿਸ ਕਥਾ ਦਾ ਪ੍ਰਭਾਵ ਭੀ ਸੰਗਤਾਂ ਤੇ ਬਹੁਤ ਚੰਗਾ ਪੈਂਦਾ ਸੀ। ਦਾਸ ਨੂੰ ਭੀ ਜੋ ਅਨੰਦ ਕਥਾ ਦਾ ਉਸ ਸਮੇਂ ਆਇਆ ਉਹ ਮੁੜਕੇ ਜ਼ਿੰਦਗੀ ਵਿਚ ਪ੍ਰਾਪਤ ਨਹੀਂ ਹੋਇਆ। ਇਹ ਸਭ ਕਿਰਪਾ ਸਤਿਗੁਰੂ ਜੀ ਦੀ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੀ, ਜਿਨ੍ਹਾਂ ਨੇ ਦਾਸ ਨੂੰ ਵਿੱਦਿਆ ਬੜੇ ਜ਼ੋਰ ਨਾਲ ਪੜ੍ਹਾ ਕੇ ਇਕ ਤਰ੍ਹਾਂ ਜੀਵਨ ਦੀ ਦਾਤ ਬਖਸ਼ੀ। ਜਿਨ੍ਹਾਂ ਦੀ ਕਿਰਪਾ ਨਾਲ ਦਾਸ ਨੂੰ ਮਾਣ ਵਡਿਆਈ, ਦੁਨੀਆਂ ਦੇ ਸਾਰੇ ਪਦਾਰਥ ਪ੍ਰਾਪਤ ਹੋਏ। ਮੇਰੇ ਪਾਸ ਉਹ ਸ਼ਬਦ ਨਹੀਂ ਜਿਨ੍ਹਾਂ ਸ਼ਬਦਾਂ ਨਾਲ ਮੈਂ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਧੰਨਵਾਦ ਕਰ ਸਕਾਂ।

## ਅਕਾਲੀ ਲਹਿਰ ਵਿਚ ਹਿੱਸਾ

ਅਕਾਲੀ ਲਹਿਰ ਬੜੇ ਜ਼ੋਰਾਂ ਵਿਚ ਸੀ। ਅਕਾਲੀ ਖਿਆਲਾਂ ਦੇ ਬਹੁਤ ਸਾਰੇ ਸੱਜਣ, ਮਹਾਂਪੁਰਖਾਂ ਨੂੰ ਭੀ ਜੇਹਲ ਯਾਤਰਾ ਕਰਨ ਲਈ ਬੜਾ ਜ਼ੋਰ ਦੇਂਦੇ ਸਨ। ਆਪ ਜੀ ਸਕੂਲਾਂ ਦੀਆਂ ਗ੍ਰਾਂਟਾਂ ਆਦਿ ਦੇ ਬਹੁਤ-ਝਮੇਲਿਆਂ ਦੇ ਕਾਰਨ ਜੇਹਲ ਯਾਤਰਾ ਕਰਨ ਤੋਂ ਕੁਝ ਸੰਕੋਚ ਕਰਦੇ ਸਨ। ਵੈਸੇ ਆਪ ਜੀ ਹਰ ਇਕ ਤਰ੍ਹਾਂ ਦੀ ਮੱਦਦ ਦੇਂਦੇ ਸਨ। ਕੱਪੜੇ ਆਦਿ ਦੀ ਮੱਦਦ ਬਹੁਤ ਕਰਦੇ ਸਨ। ਟਾਂਡੇ ਸਕੂਲ ਦਾ ਸਲਾਨਾ ਦੀਵਾਨ ਸੀ, ਇਸ ਲਈ ਆਪ ਜੀ ਟਾਂਡੇ ਪੁੱਜੇ। ਸਵੇਰੇ ਦੀਵਾਨ ਵਿਚ ਭੀ ਇਹ ਗੱਲ ਚੱਲੀ ਕਿ ਬਾਬਾ ਜੀ ਨੂੰ ਮੋਰਚੇ ਵਿਚ ਜਾ ਕੇ ਗ੍ਰਿਫ਼ਤਾਰੀ ਦੇਣੀ ਚਾਹੀਦੀ ਹੈ। ਦਾਸ ਨੇ ਦੀਵਾਨ ਵਿਚ ਉੱਠ ਕੇ ਕਿਹਾ ਕਿ ਸੰਤ ਬਾਬਾ ਜੀ ਦੇ ਅੱਗੇ ਕਈ ਮਜਬੂਰੀਆਂ ਹਨ। ਅਸੀਂ ਉਨ੍ਹਾਂ ਦੇ ਨਿਕਟਵਰਤੀ ਸਾਰੇ ਮੋਰਚੇ ਵਿਚ ਜਾਣ ਨੂੰ ਤਿਆਰ ਹਾਂ। ਜਿਸ ਸੱਜਣ ਨੇ ਸਾਡੇ ਨਾਲ ਚੱਲਣਾ ਹੈ ਉਹ ਤਿਆਰ ਹੋ ਜਾਵੇ ਤੇ ਆਪਣਾ ਨਾਮ ਲਿਖਾ ਦੇਵੇ। ਮੇਰੇ ਪਿੱਛੇ ਭਾਈ ਭਾਗ ਸਿੰਘ ਜੀ, ਭਾਈ ਕੇਹਰ ਸਿੰਘ ਜੀ ਆਦਿ ਕੁਝ ਹੋਰ ਸੱਜਣ ਉੱਠ ਖਲੋਤੇ। ਮਹਾਂਪੁਰਖ ਸਾਨੂੰ ਰੋਕ ਰਹੇ ਸਨ ਕਿ ਇਥੋਂ ਦਾ ਸਲਾਨਾ ਦੀਵਾਨ ਹੈ, ਜਿਸ ਦਾ ਬਹੁਤ ਵੱਡਾ ਕੰਮ ਹੈ, ਉਹ ਕਰਕੇ ਤੁਸੀਂ ਜਾਇਓ। ਪਰ ਦਾਸ ਨੇ ਮੋਰਚੇ ਵਿਚ ਜਾਣ ਲਈ ਅਰਦਾਸ ਕਰ ਦਿੱਤੀ। ਜਦ ਅਰਦਾਸ ਕਰ ਦਿੱਤੀ ਤਾਂ ਫਿਰ ਸਾਨੂੰ ਮਹਾਂਪੁਰਖਾਂ ਭੀ ਨਾ ਰੋਕਿਆ। ਕਹਿਣ ਲੱਗੇ-ਚੰਗਾ ਜਿਸ ਤਰ੍ਹਾਂ ਤੁਹਾਡੀ ਮਰਜ਼ੀ ਅਸੀਂ ਸਭ ਪਾਸਿਆਂ ਦਾ ਧਿਆਨ ਛੱਡ ਕੇ ਜੇਹਲ ਯਾਤਰਾ ਵੱਲ ਹੀ ਧਿਆਨ ਲਾ ਦਿੱਤਾ। ਆਪ ਮਹਾਂਪੁਰਖਾਂ ਨੇ ਹੇਠ ਲਿਖੇ ਸਿੰਘਾਂ ਦੇ ਜਥੇ ਨੂੰ ਅਸ਼ੀਰਵਾਦ ਦੇ ਕੇ ਭੇਜਿਆ –

1. ਭਾਈ ਭਾਗ ਸਿੰਘ ਜੀ ਟਾਂਡਾ

2. ਭਾਈ ਕੇਹਰ ਸਿੰਘ ਜੀ ਟਾਂਡਾ
3. ਭਾਈ ਸ਼ਾਮ ਸਿੰਘ ਜੀ ਟਾਂਡਾ
4. ਭਾਈ ਗੁਰਮੁਖ ਸਿੰਘ ਜੀ ਟਾਂਡਾ
5. ਮਾਸਟਰ ਭੋਲਾ ਸਿੰਘ ਜੀ ਟਾਂਡਾ
6. ਭਾਈ ਬਿੰਦਾ ਸਿੰਘ ਜੀ ਕੁਆਂਖ
7. ਭਾਈ ਸੋਹਣ ਸਿੰਘ ਜੀ ਬਜ਼ੁਰਗਵਾਲ
8. ਭਾਈ ਵੀਰ ਸਿੰਘ ਜੀ ਭਖੜੇ ਆਲੀ
9. ਭਾਈ ਧਰਮ ਸਿੰਘ ਜੀ ਭਖੜੇ ਆਲੀ
10. ਗਿ. ਚੇਤ ਸਿੰਘ ਜੀ ਭਖੜੇ ਆਲੀ
11. ਭਾਈ ਰਣ ਸਿੰਘ ਜੀ ਭਖੜੇ ਆਲੀ
12. ਭਾਈ ਸਰਦਾਰ ਜੀ ਬਜ਼ੁਰਗਵਾਲ

ਇਸ ਤਰ੍ਹਾਂ ਕੁਝ ਸੱਜਣ ਕਿਲ੍ਹਾ ਸੂਰਾ ਸਿੰਘ ਤੇ ਕੁਝ ਹੋਰ ਪਿੰਡਾਂ ਦੇ ਸਾਡੇ ਨਾਲ ਰਲ ਗਏ। ਇਸ ਤਰ੍ਹਾਂ ਪੰਜੀ ਸਿੰਘਾਂ ਦਾ ਜਥਾ ਹੋ ਗਿਆ। ਸਾਰੇ ਪਿੰਡਾਂ ਵਿਚੋਂ ਹੋ ਕੇ ਲਾਲੇ ਮੂਸੇ ਤੋਂ ਗੱਡੀ ਚੜ੍ਹੇ ਤੇ ਅੰਮ੍ਰਿਤਸਰ ਪੁੱਜੇ। ਸਾਡੇ ਜਥੇ ਤੋਂ ਬਿਨ੍ਹਾਂ ਹੋਰ ਭੀ ਲੁਬਾਣਾ ਬਰਾਦਰੀ ਦੇ ਕਈ ਸਿੰਘਾਂ ਨੇ ਉਪਰੋਕਤ ਮੋਰਚਿਆਂ ਵਿਚ ਜੇਹਲ ਯਾਤਰਾ ਕੀਤੀ। ਜੈਸਾ ਕਿ ਸ. ਲਛਮਣ ਸਿੰਘ ਕਿਲ੍ਹਾ ਸੂਰਾ ਸਿੰਘ ਅਤੇ ਸ. ਲਛਮਣ ਸਿੰਘ ਸਰਗੋਧਾ ਆਦਿ ਕਈ ਵਾਰ ਜੇਹਲ ਗਏ।

## ਜਥੇ ਦੀ ਭਾਈ ਫੇਰੂ ਦੇ ਮੋਰਚੇ ਵਿਚ ਗ੍ਰਿਫਤਾਰੀ

ਅੰਮ੍ਰਿਤਸਰ ਤੋਂ ਸਾਡੇ ਜਥੇ ਨੂੰ ਭਾਈ ਫੇਰੂ ਭੇਜ ਦਿੱਤਾ। ਰਸਤੇ ਵਿਚ ਸੰਗਤਾਂ ਨੇ ਸਾਡੀ ਬੜੀ ਸੇਵਾ ਕੀਤੀ। ਭਾਈ ਫੇਰੂ ਸਚੀ ਦਾਹੜੀ ਸ੍ਰੀ ਗੁਰੂ ਜੀ ਦੇ ਬੜੇ ਅਨਿਨ ਸਿੱਖ ਸਨ। ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ਤੇ ਪਿੰਡ ਦਾ ਨਾਮ ਭੀ ਭਾਈ ਫੇਰੂ ਹੀ ਵੱਜਦਾ ਹੈ, ਜੋ ਹੁਣ ਪਾਕਿਸਤਾਨ ਵਿਚ ਹੈ। ਇਹ ਗੁਰਦੁਆਰਾ ਉਦਾਸੀਆਂ ਦੇ ਕਬਜ਼ੇ ਵਿਚ ਸੀ। ਇਸ ਗੁਰਦੁਆਰੇ ਦਾ ਤਾਂ ਸਿੰਘਾਂ ਕਬਜ਼ਾ ਲੈ ਲਿਆ ਸੀ ਪਰ ਜ਼ਮੀਨ ਤੇ ਅਜੇ ਕਬਜ਼ਾ ਕਰਨਾ ਸੀ। ਇਥੋਂ 25-25 ਸਿੰਘਾਂ ਦੇ ਜਥੇ ਬਾਹਰ, ਕਣਕ ਆਦਿ ਪੁੱਟਕ ੇਕ ਬਜ਼ਾਲ ੈਣਜ ਂਦੇਸ ਨ ।ਪ_ਲੀਸਫ ੜਲ ੈਂਦੀਸ ੀ,ਿ ਏਥੇਹ ੀ ਮੈਜਿਸਟਰੇਟ ਸਜ਼ਾ ਸੁਣਾ ਦਿੰਦੇ ਤੇ ਜਹਲ ਭੇਜ ਦਿੰਦਾ ਸੀ।

ਭਾਈ ਫੇਰੂ ਗੁਰਦੁਆਰੇ ਦੇ ਮੈਨੇਜਰ ਸਾਹਿਬ ਬਹੁਤ ਚੰਗੇ ਸਨ। ਉਹ ਮੈਨੂੰ ਕਹਿਣ ਲੱਗੇ ਕਿ ਤੁਸੀਂ ਜੇਹਲ ਵਿਚ ਨਾ ਜਾਵੋ, ਇਥੇ ਕਥਾ ਕਰਨ ਵਾਲੇ ਦੀ ਬੜੀ ਲੋੜ ਹੈ। ਇਥੇ ਰਹੋ ਤੇ ਸੰਗਤਾਂ ਨੂੰ ਕਥਾ ਸੁਣਾਵੋ। ਮੈਂ ਕਿਹਾ-ਜੀ ਨਹੀਂ, ਮੈਂ ਤਾਂ ਕਥਾ ਛੱਡ ਕੇ ਜੇਹਲ ਜਾਣ ਲਈ ਉਚੇਚਾ ਆਇਆ ਹਾਂ। ਅਸੀਂ ਤਾਂ ਜੇਹਲ ਯਾਤਰਾ ਜ਼ਰੂਰ ਕਰਨੀ ਹੈ। ਖੈਰ! ਸਾਡੇ ਜਥੇ ਨੂੰ 6 ਅਪ੍ਰੈਲ, 192 ਨੂੰ ਭੇਜ ਦਿੱਤਾ। ਕਣਕ ਆਦਿ ਪੁੱਟਣ ਦੀ ਰਸਮ ਕਰਦਿਆਂ ਪੁਲੀਸ ਵਾਲਿਆਂ ਫੜ ਲਿਆ। ਸਾਡੇ ਜਥੇ ਨੂੰ ਖ਼ੂਬ ਮਾਰ ਕੁਟਾਈ ਕੀਤੀ। ਰਾਤ ਨੂੰ ਲੋਕਲ ਹਵਾਲਾਤ ਵਿਚ ਬੰਦ ਕਰ ਦਿੱਤਾ। ਸਵੇਰੇ ਇਥੇ ਹੀ ਨਿਸਾਰੁਲ ਕੁਤਬਦੀਨ ਮੈਜਿਸਟ੍ਰੇਟ ਦੇ ਪੇਸ਼ ਕੀਤਾ। ਵਾਰੋ ਵਾਰੀ ਸਾਰਿਆਂ ਗੁਰਬਾਣੀ ਦੀਆਂ ਤੁਕਾਂ ਹੀ ਪੜ੍ਹ ਕੇ ਸੁਣਾਈਆਂ ਤੇ ਕਿਹਾ ਕਿ ਸਾਡਾ ਇਹੋ ਬਿਆਨ ਹੈ। ਮੈਜਿਸਟ੍ਰੇਟ ਨੇ ਸਾਨੂੰ ਛੇ-ਛੇ ਮਹੀਨੇ ਬਾ-ਮੁਸ਼ੱਕਤ ਕੈਦ ਸੁਣਾ ਦਿੱਤੀ। ਦਾਸ ਦੇ ਵੱਡੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਦੋ ਸਾਲ ਬਾ-ਮੁਸ਼ੱਕਤ ਕੈਦ ਤੇ ਦੋ ਸੌ ਜ਼ੁਰਮਾਨਾ ਕਰ ਦਿੱਤਾ, ਜੋ ਉਹ ਪੂਰੇ ਦੋ ਸਾਲ ਕੱਟ ਕੇ ਆਏ। ਸਾਨੂੰ ਬੋਰਸਟਲ ਜੇਹਲ ਮੁਲਤਾਨ ਭੇਜ ਦਿੱਤਾ।

## ਬੋਰਸਟਲ ਜੇਲ੍ਹ ਮੁਲਤਾਨ ਜੇਲ੍ਹ ਦੇ ਹਾਲਾਤ ਤੇ ਵਾਪਸੀ

ਜੇਹਲ ਦੀ ਡਿਉਢੀ ਦੇ ਅੰਦਰ ਵੜਦਿਆਂ ਹੀ ਭਾਈ ਬਿੰਦਾ ਸਿੰਘ ਨੂੰ ਬਿਨ੍ਹਾਂ ਕਾਰਨ ਤੋਂ ਬਹੁਤ ਕੁੱਟਿਆ ਤੇ ਚੱਕੀ 'ਚ ਬੰਦ ਕਰ ਦਿੱਤਾ। ਜੁਆਨਾਂ ਨੂੰ ਵੱਖਰੇ ਕੈਂਪਾਂ ਵਿਚ ਭੇਜ ਦਿੱਤਾ, ਸਾਨੂੰ ਬੱਚਿਆਂ ਨੂੰ ਵੱਖਰੇ ਕੈਂਪ ਵਿਚ। ਬੱਚਿਆਂ ਨੂੰ 12 ਸੇਰ ਪੱਕੇ ਦਾਣੇ ਪੀਹਣ ਲਈ ਰੋਜ਼ ਦਿੰਦੇ ਜਾਂ ਮੁੰਜ ਕੁੱਟਣ ਨੂੰ ਜਾਂ ਵਾਣ ਵੱਟਣ ਨੂੰ ਦਿੰਦੇ ਸਨ। ਬੜੀ ਸਖਤੀ ਸੀ। ਜੁਆਨਾਂ ਨੂੰ 18 ਸੇਰ ਦਾਣੇ ਪੀਹਣ ਨੂੰ ਤੇ ਕੋਹਲੂ ਤੇ ਬੰਬੇ ਗੇੜਨ ਨੂੰ ਦਿੰਦੇ। ਦਾਸ ਨੇ ਆਪਮੀ ਕੈਦ ਵਿਚ ਬਹੁਤ ਚੱਕੀ ਪੀਠੀ ਤੇ ਥੋੜ੍ਹਾ ਚਿਰ ਵਾਣ ਵੱਟਿਆ। ਇਸ ਤਰ੍ਹਾਂ ਜੇਹਲ ਵਿਚ ਗੁਰਬਾਣੀ ਦੇ ਪਾਠ ਤੇ ਭਜਨ ਕਰਨ ਲਈ ਚੰਗਾ ਮਨ ਲੱਗਦਾ ਸੀ। ਸਾਰੇ ਸਿੰਘ ਵਾਰੋ ਵਾਰੀ ਆਪਣੀ ਕੈਦ ਕੱਟ ਕੇ ਆਏ। ਦਾਸ ਭੀ ਕੈਦ ਕੱਟ ਕੇ ਸਿੱਧਾ ਮਹਾਂਪੁਰਖਾਂ ਦੇ ਪਾਸ ਪੁੱਜਾ। ਅਕਤੂਬਰ 1924 ਨੂੰ ਦਾਸ ਦੀ ਰਿਹਾਈ ਹੋਈ।

## ਦਾਸ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਰਸ਼ਨ ਤੇ ਟਾਂਡੇ ਸਕੂਲ ਵਿਚ ਸਰਵਿਸ

ਦਾਸ ਜੇਹਲ ਕੱਟ ਕੇ ਮੁਰਾਲੇ ਪੁੱਜਾ। ਮਹਾਂਪੁਰਖਾਂ ਨੂੰ ਨਮਸ਼ਕਾਰ ਕੀਤੀ। ਜੇਹਲ ਦੇ ਸਾਰੇ ਹਾਲ ਆਪ ਜੀ ਨੂੰ ਦੱਸੇ। ਸੁਣ ਕੇ ਬੜੇ ਹੈਰਾਨ ਹੋਏ। ਮੇਰੇ ਮਨ ਦੀ ਅਵਸਥਾ ਨੂੰ ਸਮਝ ਕੇ, ਮੇਰੇ ਬਿਨ੍ਹਾਂ ਕੁਝ ਦੱਸਿਆ ਮਹਾਂਪੁਰਕ ਕਹਿਣ ਲੱਗੇ-ਤੈਨੂੰ ਹੁਣ ਕੋਈ ਕੰਮ ਕਰ ਲੈਣਾ ਚਾਹੀਦਾ ਹੈ। ਮੈਂ ਕਿਹਾ-ਜੀ ਜਿਸ ਤਰ੍ਹਾਂ ਆਪ ਜੀ ਦੀ ਆਗਿਆ। ਕਹਿਣ ਲੱਗੇ-ਤੈਨੂੰ ਟਾਂਡੇ ਸਕੂਲ ਵਿਚ ਹਾਲਾਂ ਧਾਰਮਿਕ ਵਿਦਿਆ ਤੇ ਪੰਜਾਬੀ ਪੜ੍ਹਾਉਣ ਲਈ ਲਾ ਦਈਏ। ਮੈਂ ਕਿਹਾ-ਜਿਸ ਤਰ੍ਹਾਂ ਆਪ ਜੀ ਹੁਕਮ ਕਰੋ। ਕਈਆਂ ਸਾਲਾਂ ਪਿੱਛੋਂ ਇਹ ਪਹਿਲਾ ਮੌਕਾ ਸੀ ਜਦੋਂ ਮੈਨੂੰ ਇਸ ਤਰ੍ਹਾਂ ਦੇ ਬਚ ਨਕਹੇ। ਮੇਰਾ ਭੀ ਜੇਲ੍ਹ ਵਿਚ ਕਈ ਸੱਜਣਾਂ ਦੇ ਕਹਿਣ ਤੇ ਮਨ ਬਦਲ ਗਿਆ ਸੀ। ਇਸ ਲਈ ਆਪ ਜੀ ਨੇ ਇਹ ਬਚਨ ਮੇਰੇ ਮਨ ਦੀ ਹਾਲਤ ਨੂੰ ਸਮਝ ਕੇ ਕਹੇ ਅਤੇ ਥੋੜ੍ਹੇ ਦਿਨਾਂ ਪਿਛੋਂ ਮੈਨੂੰ ਟਾਂਡੇ ਹਾਈ ਸਕੂਲ ਵਿਚ ਲਾ ਦਿੱਤਾ। ਜਿਥੇ ਮੈਂ ਦੋ ਕੁ ਸਾਲ ਧਾਰਮਿਕ ਵਿਦਿਆ ਦਿੱਤੀ। ਬੱਚਿਆਂ ਨੂੰ ਜਪੁਜੀ ਸਾਹਿਬ ਤੇ ਜਾਪ ਸਾਹਿਬ ਆਦਿ ਬਾਣੀਆਂ ਯਾਦ ਕਰਵਾ ਦਿੱਤੀਆਂ। ਪੰਜਾਬੀ ਦੀ ਤੀਜੀ ਜਮਾਤ ਤੋਂ ਲੈ ਕੇ ਦੱਸਵੀਂ ਤੱਕ ਚੰਗੀ ਤਰ੍ਹਾਂ ਲਿਖਾਈ ਪੜ੍ਹਾਈ ਕਰਾ ਦਿੱਤੀ। ਕੋਈ-ਕੋਈ ਸੱਜਣ ਕਦੇ ਮਿਲਦੇ ਹਨ, ਜੋ ਕਹਿੰਦੇ ਹਨ ਕਿ ਅਸੀਂ ਟਾਂਡੇ ਸਕੂਲ ਵਿਚ ਤੁਹਾਡੇ ਪਾਸੋਂ ਪੜ੍ਹਦੇ ਸਾਂ। ਜੈਸਾ ਕਿ ਮੇਜਰ ਸ਼ਮਸ਼ੇਰ ਸਿੰਘ ਡਿੰਗਿਆਂ ਵਾਲੇ ਹੁਣ ਜਲੰਧਰ ਰਹਿੰਦੇ ਹਨ। ਕਈ ਕਾਰਨਾਂ ਕਰਕੇ ਦਾਸ ਨੇ ਟਾਂਡਾ ਸਕੂਲ ਦੀ ਸਰਵਿਸ ਤੋਂ ਅਸਤੀਫ਼ਾ ਦਿੱਤਾ। ਭਾਵੇਂ ਕਈ ਸੱਜਣਾਂ, ਜੈਸਾ ਕਿ ਸ. ਕਲਿਆਣ ਸਿੰਘ ਰਈਸ ਆਨਰੇਰੀ ਮੈਜਿਸਟਰੇਟ ਡਿੰਗਿਆਂ ਵਾਲਿਆਂ ਨੇ ਆਪਣੇ ਸਕੂਲ ਵਿਚ ਸਰਵਿਸ ਦੇਣ ਲਈ ਜ਼ੋਰ ਦਿੱਤਾ ਪਰ ਮੈਂ ਕਿਹਾ ਕਿ ਸਕੂਲ ਦੀ ਨੌਕਰੀ ਮੈਂ ਕਰਨੀ ਹੀ ਨਹੀਂ। ਇਹ ਸੁਤਿਗੁਰੂ ਜੀ ਨੂੰ ਪਤਾ ਹੋਵੇਗਾ ਜਿਨ੍ਹਾਂ ਮੈਨੂੰ ਆਪਣੇ ਚਰਨਾਂ ਦੀ, ਅਰਥਾਤ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਦੀ ਬਖਸ਼ਿਸ਼ ਕਰਨੀ ਸੀ, ਜਿਸ ਕਰਕੇ ਮੈਂ ਹੋਰ ਕੋਈ ਨੌਕਰੀ ਕਰਨ ਤੋਂ ਇਨਕਾਰ ਕਰ ਰਿਹਾ ਸਾਂ।

# ਗੰਢਾ




ਡਾ. ਹਰਸ਼ਿੰਦਰ ਕੌਰ

ਐਮ.ਡੀ.

0175-2216783




ਗੰਢਾ ਅੱਖਾਂ 'ਚੋਂ ਹੰਝੂ ਕਢਾਉਣ ਵਾਲਾ, ਜੇਬਾਂ ਨੂੰ ਚੂਨਾ ਲਾਉਣ ਵਾਲਾ ਤੇ ਸਰਕਾਰਾਂ ਦੇ ਗੋਡੇ ਟੇਕਾਉਣ ਵਾਲਾ ਇਹ ਗੰਢਾ (ਪਿਆਜ਼) ਆਪਣੇ ਅੰਦਰ ਢੇਰ ਸਾਰੇ ਗੁਣ ਲੁਕਾਈ ਬੈਠਾ ਹੈ। ਵਿਟਾਮਿਨ ਸੀ, ਵਿਟਾਮਿਨ ਬੀ-6, ਫਾਈਬਰ, ਮੌਲੀਬਿਡਨਮ, ਮੈਂਗਨੀਜ਼, ਫੋਲੇਟ, ਪੋਟਾਸ਼ੀਅਮ, ਤੇ ਟਰਿਪਟੋਫੈਨ ਨਾਲ ਭਰਪੂਰ ਗੰਢਾ 5000 ਸਾਲ ਪਹਿਲਾਂ ਤੋਂ ਉਗਾਇਆ ਜਾ ਰਿਹਾ ਹੈ। ਗੰਢੇ ਦੀ ਮਹੱਤਾ ਏਸੇ ਤੋਂ ਸਮਝ ਆ ਸਕਦੀ ਹੈ ਕਿ ਈਜਿਪਟ ਵਿਖੇ ਪਿਰਾਮਿਡ ਬਣਾਉਣ ਵਾਲਿਆਂ ਨੂੰ ਪੈਸਿਆਂ ਦੀ ਥਾਂ ਗੰਢੇ ਹੀ ਰੋਜ਼ਾਨਾ ਦੀ ਮਿਹਨਤ ਵਜੋਂ ਦਿੱਤੇ ਜਾਂਦੇ ਸਨ। ਸਿਰਫ਼ ਇਹੀ ਨਹੀਂ ਬਲਕਿ ਟੂਟਨ ਖੇਮਨ ਵਰਗੇ ਰਾਜੇ ਦੇ ਪਿਰਾਮਿਡ ਵਿਚ ਵੀ ਗੰਢੇ ਰੱਖੇ ਗਏ ਸਨ ਤਾਂ ਜੋ ਇਹ ਕੁਦਰਤੀ ਨਿਆਮਤ ਜੋ ਰੱਬੀ ਦਾਤ ਮੰਨੀ ਜਾਂਦੀ ਸੀ, ਰਾਜੇ ਨੂੰ ਮਰਨ ਤੋਂ ਬਾਅਦ ਵੀ ਨਸੀਬ ਹੁੰਦੀ ਰਹੇ !ਛੇਵੀਂ ਸਦੀ ਵਿਚ ਗੰਢੇ ਦਵਾਈ ਵਜੋਂ ਵਰਤੇ ਜਾਂਦੇ ਰਹੇ ਹਨ। ਹੱਦੋਂ ਵਧ ਸਸਤੇ ਹੋਣ ਸਦਕਾ ਸਦੀਆਂ ਤੋਂ ਲੋਕ ਸੁੱਕੀ ਰੋਟੀ ਨਾਲ ਗੰਢਾ ਭੰਨ ਕੇ ਉਸ ਵਿੱਚੋਂ ਨਰਮ ਹਿੱਸਾ ਕੱਢ ਕੇ ਖਾਂਦੇ ਰਹੇ ਅਤੇ ਕੋਲੰਬਸ ਸੁਆਦ ਦਾ ਮਾਰਿਆ ਇਨ੍ਹਾਂ ਨੂੰ ਵੈਸਟ ਇੰਡੀਜ਼ ਵਿਖੇ ਲੈ ਕੇ ਗਿਆ। ਹੁਣ ਤਕ ਭਾਰਤ ਤੋਂ ਇਲਾਵਾ ਚੀਨ, ਅਮਰੀਕਾ, ਰੂਸ ਤੇ ਸਪੇਨ ਵਿਚ ਗੰਢੇ ਉਗਾਏ ਜਾ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦੀ ਕੀਮਤ ਹੁਣ ਕਦੇ ਅਸਮਾਨੀਂ ਪਹੁੰਚ ਜਾਂਦੀ ਹੈ ਤੇ ਕਦੇ ਬੋਰੀਆਂ ਭਰੀਆਂ ਹੋਈਆਂ ਮੰਡੀਆਂ ਵਿਚ ਰੁਲਦੀਆਂ ਦਿਸਦੀਆਂ ਹਨ। ਗੰਢੇ ਵਿਚਲੇ ਫਲੇਵੋਨਾਇਡ ਜੋ ਅਸਲੀ ਫਾਇਦੇਮੰਦ ਸਾਬਤ ਹੋਏ ਹਨ, ਗੰਢੇ ਦੀਆਂ ਬਾਹਰਲੀਆਂ ਪਰਤਾਂ ਵਿਚ ਹੀ ਹੁੰਦੇ ਹਨ। ਇਸੇ ਲਈ ਛਿੱਲਣ ਲੱਗਿਆਂ ਇਹ ਧਿਆਨ ਰੱਖਣ ਦੀ ਲੋੜ ਹੈ ਕਿ ਗੰਢੇ ਦਾ ਬਾਹਰਲਾ ਪਤਲਾ ਛਿੱਲੜ ਹੀ ਲਾਹਿਆ ਜਾਏ ਨਾ ਕਿ ਬਾਹਰਲੀ ਪਰਤ ਵੀ ਨਾਲ ਹੀ ਸੁੱਟਦਿੱਤੀ ਜਾਵੇ ! ਪੌਲੀਫਿਨੋਲ ਗੰਢਿਆਂ ਵਿਚ ਭਰਿਆ ਪਿਆ ਹੈ ਅਤੇ ਬਾਕੀ ਸਬਜ਼ੀਆਂ, ਥੋਮ, ਟਮਾਟਰ, ਗਾਜਰਾਂ ਨਾਲੋਂ ਕਿਤੇ ਵੱਧ ਹੈ। ਗੰਢਿਆਂ ਵਿੱਚੋਂ ਫ਼ਾਇਦਾ ਲੈਣ ਲਈ ਇਸਦੀ ਵਰਤੋਂ ਬਾਰੇ ਪਤਾ ਹੋਣਾ ਜ਼ਰੂਰੀ ਹੈ। ਜਦੋਂ ਸੂਪ ਬਣਾਉਣ ਲਈ ਗੰਢੇ ਵਰਤੇ ਜਾ ਰਹੇ ਹੋਣ, ਤਾਂ ਮੱਧਮ ਅੱਗ ਵਿਚ ਹੀ ਪਕਾਏ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਗੰਢਿਆਂ ਵਿਚਲਾ ਐਂਟੀਓਕਸੀਡੈਂਟ ਕੁਐਰਸੈਟਿਨ (ਫਲੇਵੋਨਾਇਡ) ਆਪਣੇ ਕੁਦਰਤੀ ਰੂਪ ਵਿਚ ਹੀ ਪਾਣੀ ਵਿਚ ਬਾਹਰ ਆ ਜਾਂਦਾ ਹੈ ਜਿਸ ਨਾਲ ਸੂਪ ਰਾਹੀਂ ਪੂਰਾ ਫ਼ਾਇਦਾ ਲਿਆ ਜਾ ਸਕਦਾ ਹੈ। ਤੇਜ਼ ਅੱਗ ਨਾਲ ਇਹ ਫਲੇਵੋਨਾਇਡ ਕੁੱਝ ਖ਼ਰਾਬ ਹੋ ਜਾਂਦੇ ਹਨ ਤੇ ਇਨ੍ਹਾਂ ਦਾ ਅਸਰ ਘੱਟ ਜਾਂਦਾ ਹੈ। ਇੰਜ ਹੀ ਸਬਜ਼ੀਆਂ ਵਿਚ ਤੜਕਾ ਲਾਉਣ ਲੱਗਿਆਂ ਵੀ ਸੱਤ ਮਿੰਟ ਤੋਂ ਉੱਤੇ ਗੰਢਾ ਭੁੰਨਣਾ ਨਹੀਂ ਚਾਹੀਦਾ। ਇਕ ਚੌਥਾਈ ਇੰਚ ਚੌੜੇ ਜਾਂ ਇਸ ਤੋਂ ਵੀ ਛੋਟੇ ਕੱਟੇ ਹੋਏ ਗੰਢਿਆਂ ਨੂੰ ਮੱਧਮ ਅੱਗ ਉੱਤੇ 5 ਮਿੰਟ ਭੁੰਨਣ ਨਾਲ ਉਸ ਵਿਚਲੇ ਫਲੇਵੋਨਾਇਡ ਦਾ ਪੂਰਾ ਫ਼ਾਇਦਾ ਲਿਆ ਜਾ ਸਕਦਾਹੈ। ਤੜਕੇ ਨੂੰ ਸਾੜ੍ਹ ਸਾੜ੍ਹ ਕੇ, ਰਿੰਨ੍ਹ ਰਿੰਨ੍ਹ ਕੇ ਮਲੀਦਾ ਬਣਾ ਕੇ ਖਾਣਾ ਸੁਆਦ ਭਾਵੇਂ ਬਣਾ ਲਵੋ ਪਰ ਉਸ ਵਿੱਚੋਂ ਫ਼ਾਇਦੇਮੰਦ ਚੀਜ਼ਾਂ ਦਾ ਸਫ਼ਾਇਆਹੋ ਜਾਂਦਾ ਹੈ। ਥੋਮ ਵਾਂਗ ਹੀ ਗੰਢਾ ਵੀ ਸਲਫਰ ਭਰਪੂਰ ਹੈ ਜਿਸ ਨਾਲ ਇਸ ਵਿੱਚੋਂ ਤਿੱਖੀ ਖੁਸ਼ਬੋ ਨਿਕਲਦੀ ਹੈ। ਜਰਨਲ ਔਫ਼ ਐਗਰੀਕਲਚਰ ਫੂਡ ਕੈਮ. ਜੁਲਾਈ 2010 ਵਿਚ ਖੋਜ ਛਾਪੀ ਗਈ ਕਿ ਸਬਜ਼ੀਆਂ ਵਿਚ ਥੋਮ ਤੇ ਗੰਢਾ ਪਾਉਣ ਨਾਲ ਖ਼ੁਰਾਕ ਵਿਚਲੇ ਜ਼ਿੰਕ ਤੇ ਲੋਹ ਕਣ ਜ਼ਿਆਦਾ ਮਾਤਰਾ ਵਿਚ ਹਜ਼ਮ ਹੋ ਜਾਂਦੇ ਹਨ। ਇਸਤੋਂ ਪਹਿਲਾਂ ਕਿ ਗੰਢੇ ਦੇ ਫ਼ਾਇਦਿਆਂ ਬਾਰੇ ਗੱਲ ਕਰੀਏ, ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਬਹੁਗਿਣਤੀ ਖੋਜਾਂ ਜਾਨਵਰਾਂ ਉੱਤੇ ਕੀਤੀਆਂ ਗਈਆਂ ਹਨ ਤੇ ਇਨਸਾਨਾਂ ਉੱਤੇ ਜਿੰਨੀਆਂ ਵੀ ਹੋਈਆਂ ਹਨ ਉਨ੍ਹਾਂ ਵਿੱਚੋਂ ਕਈ ਇੱਕਲੇ ਗੰਢੇ ਉੱਤੇ ਨਹੀਂ ਬਲਕਿ ਸਬਜ਼ੀਆਂ ਵਿਚ ਪਏ ਗੰਢੇ ਸਮੇਤ ਹੋਈਆਂ ਹਨ। 1. ਦਿਲ ਵਾਸਤੇ ਗੰਢੇ ਕਾਫੀ ਫਾਇਦੇਮੰਦ ਸਾਬਤ ਹੋ ਚੁੱਕੇ ਹਨ ਕਿਉਂਕਿ ਇਹ ਕੋਲੈਸਟਰੋਲ ਘਟਾਉਂਦੇ ਹਨ ਤੇ ਪਲੇਟਲੈਟ ਸੈੱਲਾਂ ਨੂੰ ਆਪੋ ਵਿਚ ਜੁੜਕੇ ਨਾੜੀਆਂ ਵਿਚ ਰੋਕਾ ਪਾਉਣ ਤੋਂ ਰੋਕਦੇ ਹਨ। ਇੰਜ ਹਾਰਟ ਅਟੈਕ ਹੋਣ ਤੋਂ ਬਚਾਓ ਹੋ ਜਾਂਦਾ ਹੈ। ਇਹ ਅਸਰ ਗੰਢਿਆਂ ਵਿਚਲੇ ਫਲੇਵੋਨਾਇਡ ਸਦਕਾ ਹੁੰਦਾ ਹੈ। 2. ਇਨਸਾਨਾਂ ਵਿਚ ਹੋਈ ਖੋਜ ਨੇ ਸਾਬਤ ਕੀਤਾ ਹੈ ਕਿ ਗੰਢੇ ਹੱਡੀਆਂਨੂੰ ਮਜ਼ਬੂਤ ਕਰਦੇ ਹਨ। ਅੱਜਕਲ 'ਬੋਨ ਡੈਨਸਿਟੀ' ਦਾ ਬਹੁਤ ਰੌਲਾ ਪਿਆ ਹੋਇਆ ਹੈ ਤੇ ਅਨੇਕ ਟੈਸਟ ਉਸ ਵਾਸਤੇ ਕੀਤੇ ਜਾ ਰਹੇ ਹਨ।

ਇਨ੍ਹਾਂ ਟੈਸਟਾਂ ਰਾਹੀਂ ਹੱਡੀਆਂ ਦਾ ਕਮਜ਼ੋਰ ਹੋਣਾ ਲੱਭਿਆ ਜਾਂਦਾ ਹੈ। ਮਾਹਵਾਰੀ ਬੰਦ ਹੋਣਤੋਂ ਬਾਅਦ ਔਰਤਾਂ ਦੀਆਂ ਹੱਡੀਆਂ ਛੇਤੀ ਕਮਜ਼ੋਰ ਹੋ ਜਾਂਦੀਆਂ ਹਨ। ਲਗਾਤਾਰ ਗੰਢੇ ਖਾਂਦੇ ਰਹਿਣ ਨਾਲ ਬੋਨ ਡੈਨਸਿਟੀ (ਹੱਡੀਆਂ ਦੀ ਘਣਤਾ) ਠੀਕ ਰਹਿੰਦੀ ਹੈ। ਰੋਜ਼ ਗੰਢੇ ਖਾਣ ਨਾਲ ਪੱਟ ਦੀ ਹੱਡੀ ਜਾਂ ਚੂਲੇ ਦੀ ਹੱਡੀ ਟੁੱਟਣ ਦਾ ਖ਼ਤਰਾ ਵੀ ਘੱਟ ਜਾਂਦਾ ਹੈ। ਜੇ ਕਦੇ ਕਦਾਈਂ ਜਾਂ ਬਹੁਤ ਥੋੜਾ ਗੰਢਾ ਰੋਜ਼ ਖਾਧਾ ਜਾਵੇ ਤਾਂ ਹੱਡੀ ਟੁੱਟਣ ਦਾ ਖ਼ਤਰਾ ਬਰਕਰਾਰ ਰਹਿੰਦਾ ਹੈ। ਵਾਧੂ ਸਲਫਰ ਹੋਣ ਸਦਕਾ ਗੰਢੇ "ਕੋਨੈਕਟਿਵ ਟਿਸ਼ੂ" ਨੂੰ ਵੀ ਸਿਹਤਮੰਦ ਰੱਖਦੇ ਹਨ। 3. ਰਿਊਮੈਟਾਇਡ ਆਰਥਰਾਈਟਿਸ (ਜੋੜਾਂ ਦੇ ਦਰਦ) ਅਤੇ ਦਮੇ ਦੇ ਰੋਗ ਵਿਚ ਗੰਢੇ ਫ਼ਾਇਦੇਮੰਦ ਸਾਬਤ ਹੋਏ ਹਨ। ਇਸ ਵਾਸਤੇ ਗੰਢੇ ਨੂੰ ਭੰਨ ਕੇ ਉਸਦੇ ਵਿਚਕਾਰਲੇ ਨਰਮ ਹਿੱਸੇ ਨੂੰ ਵਰਤਣ ਦੀ ਲੋੜ ਹੈ ਜਿਸ ਨਾਲ ਸਰੀਰ ਅੰਦਰਲੇ ਬੀਮਾਰੀਆਂ ਨਾਲ ਲੜਨ ਵਾਲੇ ਸੈੱਲਾਂ ਦੀ ਤਾਕਤ ਵੱਧ ਜਾਂਦੀ ਹੈ। ਥਿੰਦੇ ਵਾਲੇ ਏਸਿਡ (ਫ਼ੈਟੀ ਏਸਿਡ) ਵੀ ਘੱਟ ਜਾਂਦੇ ਹਨ। ਇਕ ਖੋਜ ਦੌਰਾਨ ਚੂਹਿਆਂ ਨੂੰ ਜਦੋਂ ਗੰਢਿਆਂ ਦਾ ਰਸ ਪਾਇਆ ਗਿਆ ਤਾਂ ਵੇਖਣ ਵਿਚ ਆਇਆ ਕਿ ਉਨ੍ਹਾਂ ਦੇ ਸਰੀਰ ਅੰਦਰਲੀ ਸ਼ੱਕਰ ਦੀ ਮਾਤਰਾ ਘੱਟ ਗਈ। ਇਸ ਬਾਰੇ ਇਨਸਾਨਾਂ ਵਿਚ ਹਾਲੇ ਤਕ ਪੂਰੀ ਤਰ੍ਹਾਂ ਖੋਜ ਨਹੀਂ ਹੋਈ ਕਿ ਸ਼ੱਕਰ ਰੋਗੀਆਂ ਲਈ ਗੰਢਾ ਕਿੰਨਾ ਕੁ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ ਪਰ ਸ਼ੱਕਰ ਰੋਗ ਨੂੰ ਪੂਰਾ ਫ਼ਾਇਦਾ ਨਾ ਵੀ ਹੋ ਰਿਹਾ ਹੋਵੇ, ਤਾਂ ਵੀ ਸ਼ੱਕਰ ਰੋਗੀਆਂ ਲਈ ਫ਼ਾਇਦੇਮੰਦ ਜ਼ਰੂਰ ਹੈ ਕਿਉਂਕਿ ਇਸ ਨੂੰ ਖਾਣ ਨਾਲ ਲਹੂ ਵਿਚ ਸ਼ੱਕਰ ਦੀ ਮਾਤਰਾ ਘੱਟ ਜਾਂਦੀ ਹੈ। ਹਾਲਾਂਕਿ ਥੋਮ ਜਿੰਨਾ ਅਸਰਦਾਰ ਸਾਬਤ ਨਹੀਂ ਹੋਇਆ, ਫਿਰ ਵੀ ਗੰਢਾ ਕੁੱਝ ਹੱਦ ਤਕ ਕੀਟਾਣੂਮਾਰਨ ਵਿਚ ਸਹਾਈ ਹੋਇਆ ਹੈ, ਖ਼ਾਸਕਰ ਦੰਦਾਂ ਵਿਚ ਖੋੜਾਂ ਕਰਨ ਵਾਲੇ ਸਟਰੈਪਟੋਕੌਕਸ ਮਿਊਟੈਨਸ ਨੂੰ ਮਾਰਨ ਵਿਚ! ਇੰਜ ਹੀ ਮਸੂੜਿਆਂ ਦੇ ਰੋਗਾਂ ਨੂੰ ਵੀ ਘਟਾਉਣ ਵਿਚ ਗੰਢਾ ਮਦਦ ਕਰਦਾ ਹੈ। ਖੋਜ ਰਾਹੀਂ ਸਾਬਤ ਹੋਇਆ ਕਿ ਤਾਜ਼ਾ ਕੱਚਾ ਗੰਢਾ ਖਾਣ ਨਾਲ ਮਸੂੜਿਆਂ ਦੀ ਪੀਕ ਘੱਟ ਗਈ ਜਦਕਿ ਕੱਚਾ ਦੋ ਦਿਨ ਦਾ ਕਟਿਆ ਹੋਇਆ ਫਰਿੱਜ ਵਿਚ ਪਿਆ ਗੰਢਾ ਖਾਣਨਾਲ ਅਜਿਹਾ ਕੋਈ ਅਸਰ ਵੇਖਣ ਨੂੰ ਨਹੀਂ ਮਿਲਿਆ। ਇੰਜ ਹੀ ਤਾਜ਼ਾ ਕੱਟ ਕੇ ਗੰਢੇ ਨੂੰ 10 ਮਿੰਟ ਭਾਫ਼ ਦੇਣ ਦੇ ਬਾਅਦ ਖਾਣ ਨਾਲ ਵੀ ਅਸਰ ਨਹੀਂ ਦਿਸਿਆ। ਸਪਸ਼ਟ ਹੈ ਕਿ ਤਾਜ਼ਾ ਕੱਟਿਆ ਕੱਚਾ ਗੰਢਾ ਖਾਣ ਨਾਲ ਹੀ ਅਜਿਹਾ ਅਸਰ ਦਿਸਦਾ ਹੈ। ਹੁਣ ਕੈਂਸਰ ਦੀ ਗੱਲ ਕਰੀਏ। ਖੋਜਾਂ ਦਸਦੀਆਂ ਹਨ ਕਿ ਕੁੱਝ ਕਿਸਮ ਦੇਕੈਂਸਰ ਖਾਸ ਕਰ, ਕੋਲੋਰੈਕਟਲ (ਅੰਤੜੀਆਂ), ਅੰਡਕੋਸ਼ ਤੇ ਲੈਰਿੰਜੀਅਲ (ਗਲੇ) ਕੈਂਸਰ ਦਾ ਖ਼ਤਰਾ ਘੱਟ ਹੋ ਜਾਂਦਾ ਹੈ ਬਸ਼ਰਤੇ ਕਿ ਹਫ਼ਤੇ ਵਿਚ ਘੱਟੋ ਘੱਟਚਾਰ ਦਿਨ ਗੰਢਾ ਖਾਧਾ ਜਾਵੇ। ਖਾਣੇ ਦੀ ਪਾਈਪ ਦਾ ਕੈਂਸਰ ਤੇ ਮੂੰਹ ਦੇਕੈਂਸਰ ਦਾ ਖ਼ਤਰਾ ਰੋਜ਼ਾਨਾ ਦੋ ਵਾਰ ਗੰਢਾ ਖਾਣ ਨਾਲ ਘੱਟ ਹੋਣ ਦੇ ਆਸਾਰਹਨ। ਇਕ ਆਮ ਵਿਚਕਾਰਲੇ ਮੇਲ ਦਾ ਪੂਰਾ ਗੰਢਾ ਇਕ ਵੇਲੇ ਖਾਣ ਨਾਲ ਹੀਕੋਈ ਅਸਰ ਵੇਖਿਆ ਜਾ ਸਕਦਾ ਹੈ, ਨਾ ਕਿ ਇਕ ਅੱਧ ਫਾੜੀ ਸਲਾਦ ਵਿਚ! ਸੁਆਣੀਆਂ ਨੂੰ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਉਹ ਘਰ ਵਿਚ ਕਿਸ ਤਰ੍ਹਾਂ ਦੇ ਗੰਢੇ ਲਿਆਉਣ! 1. ਜੇ ਗੰਢੇ ਪੁੰਗਰਨੇ ਸ਼ੁਰੂ ਹੋ ਚੁੱਕੇ ਹਨ ਜਾਂ ਬਾਹਰਲੀ ਪਰਤ ਉੱਤੇ ਕਾਲੇ ਰੰਗ ਦੀ



ਉੱਲੀ ਹੈ ਤਾਂ ਉਹ ਗੰਢੇ ਨਾ ਵਰਤੇ ਜਾਣ! 2. ਕਾਲੇ ਧੱਬਿਆਂ ਵਾਲੇ ਗੰਢੇ ਨਹੀਂ ਵਰਤਣੇ ਚਾਹੀਦੇ। 3. ਨਰਮ ਪੈ ਚੁੱਕੇ ਗੰਢੇ ਨਹੀਂ ਵਰਤਣੇ ਚਾਹੀਦੇ। 4. ਗੰਢੇ ਖੁੱਲੀ ਹਵਾਦਾਰ ਥਾਂ ਵਿਚ ਰੱਖਣੇ ਚਾਹੀਦੇ ਹਨ। 5. ਸਿੱਧੀ ਧੁੱਪ, ਗਰਮੀ ਅਤੇ ਅੱਗ ਤੋਂ ਪਰ੍ਹਾਂ ਰੱਖਣੇ ਚਾਹੀਦੇ ਹਨ। 6. ਸਿਰਫ ਹਰੇ ਪਿਆਜ਼ ਹੀ ਫਰਿੱਜ ਵਿਚ ਰੱਖਣੇ ਚਾਹੀਦੇ ਹਨ। ਪੱਕੇਹੋਏ ਨਹੀਂ। ਪਲਾਸਟਿਕ ਬੈਗ ਵਿਚ ਬੰਦ ਕਰ ਕੇ ਹਫਤੇ ਤੋਂ ਉੱਪਰਫਰਿੱਜ ਵਿਚ ਨਹੀਂ ਰੱਖਣੇ ਚਾਹੀਦੇ। 7. ਲਟਕਣ ਵਾਲੀ ਟੋਕਰੀ ਜਾਂ ਉੱਚੇ ਖੁੱਲੇ ਭਾਂਡੇ ਵਿਚ ਰੱਖ ਕੇ, ਹੇਠੋਂਜਾਲੀ ਰਾਹੀਂ ਖੁੱਲੀ ਹਵਾ ਆਉਣ ਦੇਣੀ ਚਾਹੀਦੀ ਹੈ। 8. ਪੀਲੇ ਪੱਕੇ ਹੋਏ ਗੰਢੇ ਜੇ ਠੀਕ ਤਰੀਕੇ ਰੱਖੇ ਜਾਣ ਤਾਂ ਮਹੀਨਾ ਭਰਖ਼ਰਾਬ ਨਹੀਂ ਹੁੰਦੇ। 9. ਆਲੂਆਂ ਦੇ ਨਾਲ ਗੰਢੇ ਕਦੇ ਵੀ ਨਹੀਂ ਰੱਖਣੇ ਚਾਹੀਦੇ। ਆਲੂਆਂਵਿੱਚੋਂ ਈਥੀਲੀਨ ਗੈਸ ਤੇ ਨਮੀ ਖਿੱਚ ਕੇ ਗੰਢੇ ਛੇਤੀ ਖ਼ਰਾਬ ਹੋਜਾਂਦੇ ਹਨ। 10. ਗੰਢੇ ਕੱਟਣ ਤੋਂ ਬਾਅਦ ਜੇ ਝਟਪਟ ਨਾ ਵਰਤੇ ਜਾ ਰਹੇ ਹੋਣ ਤਾਂ ਹਵਾ ਬੰਦਡੱਬੇ ਵਿਚ ਇਕ ਜਾਂ ਵੱਧੋ ਵੱਧ ਦੋ ਦਿਨ ਤਕ ਰੱਖੇ ਜਾ ਸਕਦੇ ਹਨ, ਪਰ ਉਨ੍ਹਾਂਦਾ ਅਸਰ ਜ਼ਰੂਰ ਘੱਟ ਜਾਂਦਾ ਹੈ। ਜੇ ਰੱਖਣੇ ਵੀ ਪੈਣ ਤਾਂ ਪਲਾਸਟਿਕ ਜਾਂ ਸ਼ੀਸ਼ੇ ਦੇ ਡੱਬੇ ਵਿਚ ਰੱਖਣੇ ਠੀਕ ਹਨ, ਸਟੀਲ, ਲੋਹੇ ਜਾਂ ਪਿੱਤਲ ਵਾਲੇ ਭਾਂਡੇ ਵਿਚ ਨਹੀਂ ਕਿਉਂਕਿ ਇੰਜ ਉਨ੍ਹਾਂ ਦਾ ਰੰਗ ਬਦਲ ਜਾਂਦਾ ਹੈ। ਜੇ ਕੋਈ ਗੰਢੇ ਸਿਰਫ਼ ਇਸਲਈ ਨਹੀਂ ਵਰਤ ਰਿਹਾ ਕਿ ਕੱਟਣਲੱਗਿਆਂ ਇਹ ਹੰਝੂ ਕਢਾਉਂਦੇ ਹਨ, ਤਾਂ ਖਿੜਕੀ ਖੋਲ੍ਹ ਕੇ ਗੰਢੇ ਕੱਟੇਜਾ ਸਕਦੇ ਹਨ ਜਾਂ ਐਨਕਾਂ ਲਾ ਕੇ ਵੀ ਕੱਟੇ ਜਾ ਸਕਦੇ ਹਨ! ਗੰਢੇ ਕੱਟਣ ਤੋਂਇਕ ਘੰਟਾ ਪਹਿਲਾਂ ਫਰਿੱਜ ਵਿਚ ਛਿੱਲ ਕੇ ਰੱਖ ਕੇ ਕੱਟੇ ਜਾਣ ਤਾਂ ਵੀਹੰਝੂ ਵਗਣ ਤੋਂ ਬਚਾਓ ਹੋ ਸਕਦਾ ਹੈ। ਇਹ ਖ਼ਿਆਲ ਰਹੇ ਕਿ ਗੰਢੇ ਕੱਟਣ ਤੋਂਬਾਅਦ ਪਾਣੀ ਵਿਚ ਡੁਬੋ ਕੇ ਰੱਖਣ ਨਾਲ ਹੰਝੂ ਨਿਕਲਣ ਤੋਂ ਤਾਂ ਭਾਵੇਂ ਬਚਾਓਹੋ ਜਾਵੇ ਪਰ ਗੰਢੇ ਵਿਚਲੇ ਗੁਣਕਾਰੀ ਤੱਤ ਵੀ ਨਿਕਲ ਜਾਂਦੇ ਹਨ। ਅਖ਼ੀਰ ਵਿਚ ਮੁਫ਼ਤੋ ਮੁਫ਼ਤ ਇਕ ਹੋਰ ਸਲਾਹ ਦੇ ਜਾਵਾਂ। ਜੇ ਗੰਢਿਆਂਵਿੱਚੋਂ ਪੂਰਾ ਫ਼ਾਇਦਾ ਵੀ ਲੈਣਾ ਹੋਵੇ ਤੇ ਸੁਆਦੀ ਖਾਣਾ ਵੀ ਖਾਣਾਹੋਵੇ, ਤਾਂ ਉਬਾਲੀ ਹੋਈ ਸਬਜ਼ੀ ਜਾਂ ਮੀਟ ਨੂੰ ਹਲਕਾ ਭੁੰਨਦੇ ਹੋਏ ਵਿਚਕੱਟੇ ਹੋਏ ਗੰਢੇ ਪਾ ਦਿਓ ਤੇ ਤਿੰਨ ਮਿੰਟ ਕੱਜ ਕੇ ਪਕਾਓ। ਇੰਜ ਗੰਢੇ ਅੰਦਰਲੇ ਗੁਣਕਾਰੀ ਤੱਤ ਬਾਹਰ ਆ ਜਾਣਗੇ। ਫੇਰ ਢੱਕਣ ਲਾਹ ਕੇ ਗੰਢਿਆਂ ਸਮੇਤ ਸਬਜ਼ੀ ਜਾਂ ਮੀਟ ਚਾਰ ਮਿੰਟ ਹੋਰ ਪਕਾ ਲਓ। ਹੁਣ ਹੋਰ ਕੀ ਉਡੀਕਦੇ ਹੋ! ਝਟਪਟ ਅਜ਼ਮਾਓ, ਖਾ ਕੇ ਸੁਆਦ ਲਓ ਤੇ ਬੀਮਾਰੀਆਂ ਤੋਂ ਬਚੋ!

# ਮੇਰਾ ਯੂਰੋਪ ਦਾ ਸਫਰ



**ਸ. ਜਗੀਰ ਸਿੰਘ ਲਾਲੀਆ**
**ਵਿੱਤ ਸਕੱਤਰ**
**ਬ.ਮ.ਸ.ਲ. ਫਾਊਂਡੇਸ਼ਨ, ਚੰਡੀਗੜ੍ਹ**
**98149-21838**



ਸੀਨੀਅਰ ਸਿਟੀਜਨ ਐਸੋਸੀਏਸ਼ਨ ਮੋਹਾਲੀ ਵਲੋਂ ਟ੍ਰੈਵਲ ਸਲੂਸ਼ਨ ਸੈਕਟਰ 22 ਚੰਡੀਗੜ੍ਹ ਦੇ ਰਾਹੀਂ ਸੀਨੀਅਰ ਸਿਟੀਜਨ ਟੂ ਯੂਰੋਪ ਦਾ 10 ਰਾਤਾਂ ਅਤੇ 11 ਦਿਨਾਂ ਦੇ ਟੂਰ ਦਾ ਪ੍ਰਬੰਧ ਕੀਤਾ ਗਿਆ। ਇਹ ਟੂਰ 13-09-2014 ਨੂੰ ਚੰਡੀਗੜ੍ਹ ਤੋਂ ਸ਼ੁਰੂ ਹੋਇਆ ਅਤੇ 24-09-2014 ਨੂੰ ਚੰਡੀਗੜ੍ਹ ਖਤਮ ਹੋਇਆ। ਇਸ ਟੂਰ ਵਿਰ ਮੇਰੇ ਸਮੇਤ 11 ਸੀਨੀਅਰ ਸਿਟੀਜਨ (6 ਮਰਦ ਅਤੇ 5 ਔਰਤਾਂ) ਨੇ ਜਾਣ ਵਾਸਤੇ ਆਪਣੀ ਸਹਿਮਤੀ ਦਿੱਤੀ। ਇਸ ਟੂਰ ਵਿਚ ਪੈਰਿਸ (ਫਰਾਂਸ), ਮਿਊਨਿਚ (ਜਰਮਨੀ), ਇਨਸਬਰਕ (ਆਸਟ੍ਰੀਆ), ਯੂਰਿਕ (ਸਵਿਟਜ਼ਰਲੈਂਡ), ਰੋਮ (ਇਟਲੀ) ਅਤੇ ਵੈਟੀਕਨ ਸਿਟੀ ਸ਼ਾਮਲ ਸਨ।

13-09-2014 ਨੂੰ ਦੁਪਹਿਰ ਚੰਡੀਗੜ੍ਹ ਤੋਂ ਦਿੱਲੀ ਵਾਸਤੇ ਰਵਾਨਾ ਹੋਏ ਅਤੇ ਦਿੱਲੀ ਤੋਂ Emirates Air Lines ਦੇ ਜਹਾਜ਼ ਰਾਹੀਂ 9.50 ਤੇ ਚਲ ਕੇ 12.00 ਵਜੇ ਦੁਬਈ ਪਹੁੰਚ ਗਏ। ਦੁਬਈ ਤੋਂ ਫਿਰ ਇਸੇ ਏਅਰ ਲਾਈਨਜ ਦਾ ਜਹਾਜ 4.10 ਤੋਂ ਚਲ ਕੇ 9.10 ਤੇ ਪੈਰਿਸ ਪਹੁੰਚ ਗਿਆ। ਪੈਰਿਸ ਏਅਰ ਪੋਰਟ ਦੇ ਬਾਹਰ ਸਾਡਾ ਗਾਈਡ ਹੋਟਲ ਜਾਣ ਵਾਸਤੇ ਗਡੀਆਂ ਲੈ ਕੇ ਸਾਡੀ ਉਡੀਕ ਕਰ ਰਿਹਾ ਸੀ ।ਅਗਲੇ ਦਿਨ 14-09-2014 ਨੂੰ ਅਸੀਂ ਦੁਪਹਿਰ 12.30 ਤੇ ਹੋਟਲ Apart City ਪਹੁੰਚ ਗਏ ਅਤੇ ਚੈੱਕ ਇਨ ਕਰ ਲਿਆ। ਅਸੀਂ Louvre Museum ਵੇਖਿਆ ਜੋ ਪੈਰਿਸ ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿਤ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਮਿਊਜ਼ੀਅਮ ਹੈ। ਇਹ ਮਿਊਜ਼ੀਅਮ "Leanards De Vineies Mona Lisa, Ine Venus De Milo The Corronation of Empror Napolean-1" ਵਲੋਂ ਬਣਾਇਆ ਗਿਆ ਸੀ। ਸਾਡੇ ਇੰਗਲਿਸ਼ ਸਪੀਕਿੰਗ ਗਾਈਡ ਨੇ ਤਕਰੀਬਨ 4-5 ਘੰਟਿਆਂ ਵਿਚ ਸਾਨੂੰ ਮਿਊਜ਼ੀਅਮ ਵਿਖਾਇਆ।

15-09-2014 ਨੂੰ ਅਸੀਂ ਸਵੇਰੇ 9.00 ਵਜੇ ਆਪਣੇ ਗਾਈਡ ਨਾਲ ਪੈਰਿਸ ਸ਼ਹਿਰ ਦੀਆਂ ਦੇਖਣ ਯੋਗ ਥਾਵਾਂ ਵੇਖਣ ਵਾਸਤੇ ਨਿਕਲ ਗਏ ਜਿਵੇਂ ਕਿ Opera Square, Champ Elyses ਅਤੇ Eiffel Tower ਅਤੇ Opera Square ਆਦਿ ਵਿਚ ਅਸੀਂ Opera ਮਹਲ ਵੇਖਿਆ ਜੋ 18 ਵੀਂ ਸਦੀ ਵਿਚ French Revolution ਤੋਂ ਬਾਦ ਬਣਾਇਆ ਸੀ। ਉਸ ਤੋਂ ਬਾਦ ਅਸੀਂ Luber Museum ਵੇਖਿਆ ਜੋ Luis Mona Liza ਨੇ ਬਣਵਾਇਆ ਸੀ। ਇਹ ਮਿਊਜ਼ੀਅਮ 1992 ਵਿਚ ਖੋਲਿਆ ਗਿਆ ਸੀ ਅਤੇ 18 ਕਿਲੋਮੀਟਰ ਦੇ ਏਰੀਏ ਵਿਚ ਬਣਿਆ ਹੈ। ਇਸ ਵਿਚ ਬਹੁਤ ਹੀ ਸੁੰਦਰ ਮੂਰਤੀਆਂ ਅਤੇ ਚਿੱਤਰ ਰੱਖੇ ਗਏ ਹਨ। ਇਸ ਤੋਂ ਬਾਦ ਅਸੀਂ Eiffel Tower ਦਾ ਏਰੀਆ ਵੇਖਣ ਗਏ ਜੋ ਬਹੁਤ ਵੱਡਾ



ਏਰੀਆ ਹੈ ਅਤੇ ਸਾਰੀ ਦੁਨੀਆਂ ਤੋਂ ਲੋਕ ਵੇਖਣ ਵਾਸਤੇ ਆਉਂਦੇ ਹਨ। ਆਈਫਲ ਟਾਵਰ ਦੀ ਟਿਕਟ ਖਰੀਦ ਕੇ ਅਸੀਂ ਦੂਸਰੀ ਮੰਜਿਲ ਤੱਕ ਟ੍ਰਾਲੀ ਰਾਹੀਂ, ਉਪਰ ਤੱਕ ਲਿਫਟ ਰਾਹੀਂ ਪਹੁੰਚ ਗਏ। ਆਈਫਲ ਟਾਵਰ 324 ਮੀਟਰ ਉੱਚਾ ਹੈ ਅਤੇ ਉਪਰ ਦੀ ਮੰਜ਼ਿਲ ਤੋਂ ਸਾਰਾ ਪੈਰਿਸ ਨਜ਼ਰ ਆਉਂਦਾ



ਹੈ। ਆਈਫਲ ਟਾਵਰ ਦੀ ਦੂਸਰੀ ਛੱਤ ਤੇ ਕਈ ਦੁਕਾਨਾਂ ਅਤੇ ਕਾਫੀ ਸ਼ਾਪ ਵੀ ਹਨ। ਆਈਫਲ ਟਾਵਰ ਦੇ ਨਾਲ ਹੀ ਬਹੁਤ ਖੁੱਲਾ ਮੈਦਾਨ ਹੈ ਅਤੇ ਨਾਲ ਹੀ ਬਜ਼ਾਰ ਲੱਗਦਾ ਹੈ। ਅਸੀਂ ਕੁਝ ਖਰੀਦਾਰੀ ਵੀ ਕੀਤੀ ਅਤੇ ਸ਼ਾਮ ਦਾ ਸਾਡਾ ਪ੍ਰੋਗਰਾਮ ਕਰੂਜ ਦੇ ਰਾਹੀਂ ਪੈਰਿਸ ਵੇਖਣ ਦਾ ਸੀ। ਪੈਰਿਸ ਸਿਟੀ ਦੇ ਅੱਧ ਵਿਚੋਂ ਹੀ Sruise ਦਰਿਆ ਚਲਦਾ ਹੈ। ਅਸਲ ਵਿਚ ਪੈਰਿਸ ਸ਼ਹਿਰ ਇਸ ਦਰਿਆ ਦੇ ਦੋਹਾਂ ਕੰਡਿਆਂ ਤੇ ਹੀ ਵਸਿਆ ਹੈ। ਦਰਿਆ ਦੇ ਦੋਹਾਂ ਪਾਸਿਆਂ ਤੇ ਸਾਰੀਆਂ ਹੀ ਮਸ਼ਹੂਰ ਬਿਲਡਿੰਗਾਂ ਸਥਿਤ ਹਨ। ਜਹਾਜ਼ ਦੇ ਉਪਰ ਵਾਲੇ ਛੱਤ ਤੇ ਬੈਠਦੇ ਹੋਏ ਬਹੁਤ ਨਜ਼ਾਰਾ ਆ ਰਿਹਾ ਸੀ। ਇਸ ਦਰਿਆ ਉਪਰ ਪੈਰਿਸ ਸ਼ਹਿਰ ਦੇ ਵਿਚ 22 ਕਰਾਸਿੰਗ ਬਰਿਜ ਹਨ। ਰਾਤ ਸਮੇਂ ਪੈਰਿਸ ਵੇਖਣ ਦਾ ਆਪਣਾ ਹੀ ਮਜਾ ਹੈ। ਰਾਤ ਦਾ ਨਜ਼ਾਰਾ ਵੇਖ ਕੇ ਮੈਨੂੰ ਫਿਲਮ "An Evening in Paris" ਦੀ ਯਾਦ ਆ ਗਈ ਜੋ ਮੈਂ 40 ਸਾਲ ਪਹਿਲਾਂ ਵੇਖੀ ਸੀ।

16-09-2014 ਨੂੰ ਸਵੇਰੇ ਅਸੀਂ ਸ਼ਹਿਰ ਦੀ ਸੈਰ ਕੀਤੀ ਅਤੇ ਪੈਰਿਸ ਦੇ ਬਜਾਰ ਆਦਿ ਵੇਖੇ। ਸ਼ਾਮ 3.25 ਤੇ ਅਸੀਂ ਪੈਰਿਸ ਰੇਲਵੇ ਸਟੇਸ਼ਨ ਪਹੁੰਚ ਗਏ ਜੋ ਬਹੁਤ ਹੀ ਸੁੰਦਰ ਸੀ। ਪੈਰਿਸ ਤੋਂ ਬੁਲੇਟ ਟ੍ਰੇਨ ਰਾਹੀਂ ਅਸੀਂ ਮਿਉਨਿਚ (ਜਰਮਨੀ) ਪਹੁੰਚ ਗਏ। ਬੁਲਟ ਗੱਡੀ ਦਾ ਸਫਰ ਬਹੁਤ ਹੀ ਸੁਹਾਵਨਾ ਸੀ। ਜਿਸ ਦੀ ਸਪੀਡ 300-400 ਕਿਲੋਮੀਟਰ ਅਤੇ ਹਰ ਡੱਬੇ ਵਿਚ ਬੁਲਟ ਟ੍ਰੇਨ ਦੀ ਸਪੀਡ ਸਕਰੀਨ ਤੇ ਵਿਖਾਈ ਜਾ ਰਹੀ ਸੀ। ਮਿਉਨਿਚ ਤੋਂ ਅਸੀਂ ਹੋਟਲ sleepinger ਵਿਚ ਭਾਰਤੀ ਖਾਣਾ ਖਾਧਾ। ਮਿਉਨਿਚ ਜਰਮਨ ਦਾ ਸਭ ਤੋਂ ਵੱਡਾ ਸ਼ਹਿਰ ਹੈ। 17-09-2014 ਨੂੰ ਸਵੇਰੇ 9.00 ਵਜੇ ਅਸੀਂ ਆਪਣੇ ਗਾਈਡ ਨਾਲ ਮਿਊਜ਼ੀਅਮ ਅਤੇ ਆਰਟ ਗੈਲਰੀ ਜਿਸ ਦਾ ਨਾ Pniaothek Alte ਜੋ 1830 ਵਿਚ ਬਣਾਇਆ ਗਿਆ ਸੀ ਜਿਸ ਵਿਚ ਜਰਮਨ ਦੀ ਸੱਭਿਅਤਾ ਬਾਰੇ ਬਹੁਤ ਚਿੱਤਰ ਅਤੇ ਬੁੱਤ ਰੱਖੇ ਗਏ ਹਨ ਵੇਖੇ। ਉਸ ਤੋਂ ਬਾਦ BMW (Welt) ਵੇਖਣ ਵਾਸਤੇ ਗਏ ਜੋ Olympic City ਦੇ ਬਿਲਕੁਲ ਸਾਹਮਣੇ ਸਥਿਤ ਹੈ। BMW ਪਲਾਟ ਅਤੇ ਮਿਊਜ਼ੀਅਮ 1916 ਵਿਚ ਤਿਆਰ ਕੀਤਾ ਗਿਆ ਸੀ। ਇਸ ਵਿਚ ਹਰ ਰੋਜ਼ 950 ਕਾਰਾਂ ਤਿਆਰ ਹੁੰਦੀਆਂ ਹਨ। BMW ਦਾ ਪੂਰਾ ਨਾਂ "Bomerian Motor Works" ਹੈ। ਜਦੋ ਇਹ ਤਿਆਰ ਕੀਤਾ ਗਿਆ ਸੀ ਉਸ ਵੇਲੇ Bomerian ਦਾ ਰਾਜ ਚਲ ਰਿਹਾ ਸੀ। ਇਸ ਤੋਂ ਬਾਦ ਅਸੀਂ Opera House ਜਿਸ ਨੂੰ Modern Theartre ਵੀ ਕਹਿੰਦੇ ਹਨ ਵੇਖਿਆ ਜੋ ਰਾਜੇ ਦਾ ਮਹਿਲ ਸੀ ਜਿਸ ਵਿਚੋਂ Essa River ਵੀ ਨਿਕਲਦਾ ਹੈ। ਇਸ ਮਹਿਲ ਦਾ ਏਰੀਆ ਕਈ ਮੀਲਾਂ ਵਿਚ ਹੈ।



18-09-2014 ਨੂੰ ਸਵੇਰੇ ਹੀ ਅਸੀਂ INNSBURK (Austria) ਸ਼ਹਿਰ ਵੇਖਣ ਵਾਸਤੇ ਨਿਕਲ ਪਏ। ਇਹ ਸ਼ਹਿਰ INN ਨਦੀ ਦੇ ਕਿਨਾਰੇ ਤੇ ਵਸਿਆ ਹੈ, ਇਸ ਕਰਕੇ ਇਸ ਦਾ ਨਾਂ INNSBURK ਪੈ ਗਿਆ। Jewel City ਜਿਸ ਦਾ ਨਾਮ Swarovski Kristallwelten ਹੈ। ਇਸ ਵਿਚ ਦੁਨੀਆਂ ਦੇ ਸਭ ਤੋਂ ਵਧ Crystal ਰੱਖੇ ਗਏ ਹਨ। ਸਭ ਤੋਂ ਵੱਡਾ Crystal 3,10,000 ਕੈਰਟ ਦਾ ਹੈ ਜੋ ਸਭ ਤੋਂ ਵੱਡਾ ਹੈ। ਸ਼ਾਮ ਤੱਕ ਅਸੀਂ INNSBURK ਪਹੁੰਚ ਗਏ।



19-09-2014 ਨੂੰ ਸਵੇਰੇ ਅਸੀਂ INNSBURK ਤੋਂ Zurich



ਯੂਰੋਪ ਟੂਰ ਸਮੇਂ ਲੇਖਕ ਆਪਣੇ ਗਰੁੱਪ ਨਾਲ ਯਾਦਗਾਰੀ ਫੋਟੋ ਕਰਵਾਉਂਦੇ ਹੋਏ

(Switzerland) ਵਲ ਚਲ ਪਏ ਅਤੇ 292 Km ਦਾ ਸਫਰ ਕਰਕੇ ਅਸੀਂ ਸਾਮ 4.00 ਵਜੇ ਹੋਟਲ NOVOTEL ਵਿਚ ਠਹਿਰੇ ਅਤੇ ਰਾਤ ਦਾ ਖਾਣਾ ਇੰਡੀਅਨ ਹੋਟਲ Future Of India ਖਾਧਾ।

20-09-2014 ਨੂੰ ਸਵੇਰੇ 9.00 ਵਜੇ ਅਸੀਂ ਕੋਚ ਰਾਹੀਂ Engelberg Hill Station ਵੱਲ ਚਲ ਪਏ। Zurich ਤੋਂ 90 ਕਿਲੋਮੀਟਰ ਦੂਰ MT TITILS ਪਹਾੜ ਹੈ। ਤਕਰੀਬਨ ਡੇਢ ਘੰਟੇ ਬਾਦ ਅਸੀਂ ਪਹੁੰਚ ਗਏ। ਇਸ ਪਹਾੜ ਦੇ ਪੈਰਾਂ ਵਿਚ ਦਰਿਆ Lusia ਚੱਲਦਾ ਹੈ ਅਤੇ ਇਹ ਪਹਾੜ ਦੀ ਉਚਾਈ 10000 ਫੁੱਟ ਹੈ। ਇਸ ਸ਼ਹਿਰ ਨੂੰ ਯੂਰੋਪ ਦਾ ਕਸ਼ਮੀਰ ਵੀ ਕਿਹਾ ਜਾਂਦਾ ਹੈ। ਪਹਾੜ ਉਪਰ ਬਰਫ ਪਈ ਹੋਈ ਸੀ। ਅਸੀਂ ਟ੍ਰਾਲੀ ਰਾਹੀਂ ਇਸ ਪਹਾੜ ਤੇ ਗਏ ਅਤੇ 4-5 ਘੰਟਿਆਂ ਬਾਦ ਵਾਪਸ ਆ ਗਏ ਅਤੇ ਵਾਪਸ Zurich ਪਹੁੰਚੇ।

21-09-2014 ਨੂੰ ਸਵੇਰੇ 9.30 ਵਜੇ ਅਸੀਂ Zurich ਤੋਂ ਰੋਮ (ਇਟਲੀ) ਵਾਸਤੇ ਰੇਲ ਗਡੀ ਰਾਹੀਂ ਸਫਰ ਕੀਤ। ਰਸਤੇ ਵਿਚ ਮਿਲਾਨ ਸ਼ਹਿਰ ਆਉਂਦਾ ਹੈ ਜਿੱਥੇ ਅਸੀਂ ਗੱਡੀ ਬਦਲ ਕੇ ਰੋਮ ਵਲ ਗਏ ਸੀ। ਮਿਲਾਨ ਜਰਮਨੀ ਦਾ ਸ਼ਹਿਰ ਹੈ। ਜਿਸ ਦਾ ਏਰੀਆ ਬਿਲਕੁਲ ਪੰਜਾਬ ਵਰਗਾ ਪੱਧਰਾ ਹੈ ਅਤੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਪੰਜਾਬ ਤੋਂ ਬਹੁਤ ਲੋਕ ਇਥੇ ਖੇਤਾਂ ਵਿਚ ਕੰਮ ਕਰਦੇ ਹਨ ਅਤੇ ਕਈ ਪੰਜਾਬੀ ਫਾਰਮ ਵੀ ਹਨ। ਯੂਰੋਪ ਵਿਚ ਪਹਿਲੀ ਵਾਰੀ ਗੱਡੀ ਦੀ ਲਾਈਨ ਦੇ ਨਾਲ ਅਸੀਂ ਗੁਰਦੁਆਰਾ ਸਾਹਿਬ ਵੇਖਿਆ ਜਿਸ ਦੀ ਦੀਵਾਰ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਬਹੁਤ ਵੱਡੀ ਫੋਟੋ ਲੱਗੀ ਸੀ। ਸ਼ਾਮ ਨੂੰ ਅਸੀਂ ਹੋਟਲ Black ਵਿਚ ਠਹਿਰੇ।

22-09-2014 ਨੂੰ ਸਵੇਰੇ 10.00 ਵਜੇ ਤੋਂ ਸ਼ਹਿਰ ਵੇਖਣ ਲਈ ਨਿਕਲ ਪਏ। ਸਾਡੇ ਨਾਲ ਇੰਗਲਿਸ਼ ਬੋਲਣ ਵਾਲਾ ਗਾਈਡ ਸੀ। ਸ਼ਹਿਰ ਵਿਚ ਸਥਿਤ ਬਹੁਤ ਸਾਰੀਆਂ ਪੁਰਾਣੀਆਂ ਇਮਾਰਤਾਂ, ਮਿਊਜ਼ੀਅਮ ਅਤੇ ਗਿਰਜਾ ਘਰ (Church) ਵੇਖੇ। ਰੋਮ ਸ਼ਹਿਰ ਵਿਚ ਵੀ ਇਕ ਅਲਗ ਦੇਸ਼ ਹੈ ਜਿਸ ਨੂੰ Vetican City ਕਿਹਾ ਜਾਂਦਾ ਹੈ। ਇਹ ਰੋਮ ਸ਼ਹਿਰ ਦਾ ਹੀ ਹਿੱਸਾ ਹੈ ਪਰ ਵੱਖਰਾ ਦੇਸ਼ ਹੈ ਜਿਸ ਦੇ ਆਲੇ ਦੁਆਲੇ 30 ਫੁਟ ਉੱਚੀ ਦੀਵਾਰ ਹੈ। ਇਸ ਸਥਾਨ ਤੇ ਹੀ ਇਸਾਈ ਧਰਮ ਦੇ ਪਾਧਰੀ (Pope) ਦੀ ਚੋਣ ਹੁੰਦੀ ਹੈ। ਇਹ ਇਸਾਈ ਧਰਮ ਦਾ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ। ਇਸ ਦੇ ਅੰਦਰ ਜਾਣ ਦੀ ਟਿਕਟ ਲੱਗਦੀ ਹੈ ਅਤੇ ਕਈ ਮੀਲ ਲੰਬੀਆਂ ਲਾਈਨਾਂ ਲੱਗ ਜਾਂਦੀਆ ਹਨ। ਸਾਡੀ ਬੁਕਿੰਗ ਪਹਿਲਾਂ ਹੋ ਚੁੱਕੀ ਸੀ ਇਸ ਲਈ ਸਾਨੂੰ ਅੰਦਰ ਜਾਣ ਵਿਚ ਤਕਰੀਬਨ 1 ਘੰਟਾ ਲੱਗ ਗਿਆ ਸੀ। ਇਸ ਦੇ ਅੰਦਰ ਸਭ ਤੋਂ ਪਹਿਲਾ ਬਹੁਤ ਵੱਡਾ ਮਿਊਜ਼ੀਅਮ ਹੈ ਜਿਸ ਵਿਚ ਬਹੁਤ ਪੁਰਾਣੇ ਬੁੱਤ, ਤਸਵੀਰਾਂ ਅਤੇ ਪਹਿਲਾਂ ਰਹਿ ਚੁੱਕੇ ਪਾਧਰੀ ਦੀਆਂ ਤਸਵੀਰਾਂ ਲੱਗੀਆਂ ਹਨ।

ਪੁਰਾਤਨ ਸਮੇਂ ਦੇ ਬੁੱਤ ਤੇ ਇਸਾਈ ਧਰਮ ਨਾਲ ਸੰਬੰਧਿਤ ਮੂਰਤੀਆਂ ਪਈਆਂ ਹਨ। ਇਸ ਤੋਂ ਬਾਦ ਉਹ ਹਾਲ ਵੇਖਿਆ ਜਿਸ ਵਿਚ ਪਾਦਰੀਆ (Pope) ਦੀ ਚੋਣ ਲਈ ਮੀਟਿੰਗਾਂ ਹੁੰਦੀਆਂ ਹਨ। ਉੱਥੇ ਜਾਣ ਅਤੇ ਵਾਪਸ ਆਉਣ ਵਾਸਤੇ ਬਹੁਤ ਵੱਡੀਆਂ ਲੰਬੀਆਂ ਗੈਲਰੀਆਂ ਹਨ ਜੋ ਤਕਰੀਬਨ ਅੱਧਾ ਕਿਲੋਮੀਟਰ ਲੰਬੀਆਂ, ਤਰ੍ਹਾਂ-ਤਰ੍ਹਾਂ ਦੀਆਂ ਤਸਵੀਰਾਂ ਅਤੇ ਬੁੱਤਾਂ ਨਾਲ ਸ਼ਿੰਗਾਰੀਆਂ ਹਨ। ਅਖੀਰ ਵਿਚ ਇਕ ਬਹੁਤ ਵੱਡਾ ਪੰਡਾਲ ਹੈ ਜਿੱਥੇ ਪਾਦਰੀ (Pope) ਚੋਣ ਤੋਂ ਬਾਦ ਆ ਕੇ ਕਈ ਹਜ਼ਾਰ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਾ ਹੈ।

23-09-2014 ਨੂੰ ਹਵਾਈ ਸਫਰ ਰਾਹੀਂ ਅਸੀਂ ਦੁਪਹਿਰ ਰੋਮ (Rome) ਤੋਂ ਦੁਬਈ ਹੁੰਦੇ ਹੋਏ 24-09-2014 ਨੂੰ ਸਵੇਰੇ ਦਿੱਲੀ ਰਾਹੀਂ ਚੰਡੀਗੜ੍ਹ ਪਹੁੰਚ ਗਏ।

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਯੂਰੋਪ ਬਹੁਤ ਵਧੀਆ ਲੱਗਿਆ। ਸਾਰੇ ਯੂਰੋਪ ਦੀ ਸੁੰਦਰਤਾ ਬਹੁਤ ਪਸੰਦ ਆਈ। ਲੜਕੀਆਂ ਅਤੇ ਲੜਕੇ ਸਿਹਤਮੰਦ ਅਤੇ ਸੁੰਦਰ ਨਜ਼ਰ ਆਏ ਅਤੇ ਸਾਰੇ ਨਿਮਰਤਾ ਨਾਲ ਬੋਲਣ ਵਾਲੇ ਸਨ। ਸਾਰੇ ਯੂਰੋਪ ਵਿਚ ਸੜਕਾਂ ਤੇ ਕਿਤੇ ਵੀ ਗੱਡੀਆਂ ਦੇ ਹੋਰਨਾਂ ਦੀ ਅਵਾਜ਼ ਨਹੀਂ ਸੀ। ਪਰ ਮੈਂ ਯੂਰੋਪ ਵਿਚ ਇਕ ਬੁਰਾਈ ਜ਼ਰੂਰ ਵੇਖੀ ਜੋ ਇਹ ਸੀ ਕਿ ਯੂਰੋਪ ਦੇ ਲੋਕ ਅਤੇ ਜ਼ਿਆਦਾਤਰ ਲੜਕੀਆਂ ਸਿਗਰਟ ਪੀਣ ਦੇ ਆਦੀ ਹਨ।



# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਗੁਰੂ ਲਾਧੋ ਰੇ ਦਿਵਸ 12 ਅਕਤੂਬਰ 2014 ਦਿਨ ਐਤਵਾਰ ਨੂੰ ਸਮੂਹ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਗੁਰੂ ਲਾਧੋ ਰੇ ਦਿਵਸ ਮੌਕੇ
ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਿਰਾਜਮਾਨ ਸਮੂਹ ਸਾਧ ਸੰਗਤ



ਭਾਈ ਸਾਹਿਬ ਦਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ ਕੀਰਤਨ ਕਰਦੇ ਹੋਏ



ਭਾਈ ਜੋਗਿੰਦਰ ਸਿੰਘ ਰਿਆੜ ਚੰਡੀਗੜ੍ਹ ਵਾਲਿਆਂ ਦਾ
ਜਥਾ ਕੀਰਤਨ ਕਰਦੇ ਹੋਏ



ਭਾਈ ਰਾਜਿੰਦਰ ਸਿੰਘ ਕਥਾਵਾਚਕ ਗੁਰਦੁਆਰਾ ਅੰਬ ਸਾਹਿਬ, ਮੋਹਾਲੀ
ਕਥਾ ਕਰਦੇ ਹੋਏ



ਭਾਈ ਹਰਜਿੰਦਰ ਸਿੰਘ ਫੱਕਰ ਸੁਲਤਾਨਪੁਰ ਲੋਧੀ ਵਾਲਿਆਂ ਦਾ
ਢਾਡੀ ਜੱਥਾ ਗੁਰੂ ਜਸ ਗਾਇਣ ਕਰਦੇ ਹੋਏ

# ਗੁਰੂ ਲਾਧੋ ਰੇ ਦਿਵਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰੀ ਭਰ ਰਹੀਆਂ ਸੰਗਤਾਂ ਦਾ ਠਾਠਾਂ ਮਾਰਦਾ ਦ੍ਰਿਸ਼





















# ਗੁਰੂ ਲਾਧੋ ਰੇ ਦਿਵਸ ਮੌਕੇ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦੇ ਹੋਏ



ਸ. ਗੁਰਚਰਨ ਸਿੰਘ ਜੀ
ਪ੍ਰਧਾਨ



ਸ. ਹਰਬੰਸ ਸਿੰਘ
ਜਨਰਲ ਸਕੱਤਰ



ਮੇਜਰ ਨਰਿੰਦਰ ਸਿੰਘ ਜੱਲੋ
ਕਾਰਜਕਾਰਨੀ ਅਤੇ ਵਰਕਿੰਗ ਕਮੇਟੀ ਮੈਂਬਰ



ਸ. ਭਗਵਾਨ ਸਿੰਘ ਲੁਬਾਣਾ
ਸੰਪਾਦਕ ਲੁਬਾਣਾ ਸੇਵਕ

# ਗੁਰੂ ਲਾਧੋ ਰੇ ਦਿਵਸ ਮੌਕੇ ਵੱਖ-ਵੱਖ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ









# ਗੁਰੂ ਲਾਧੋ ਰੇ ਦਿਵਸ ਮੌਕੇ ਵੱਖ-ਵੱਖ ਇਲਾਕਿਆਂ ਤੋਂ ਪਹੁੰਚੀਆਂ ਹੋਈਆਂ ਸੰਗਤਾਂ ਦਾ ਠਾਠਾਂ ਮਾਰਦਾ ਦ੍ਰਿਸ਼







# ਮਨ ਦੀ ਸ਼ਾਂਤੀ ਦਾ ਆਧਾਰ 'ਸੱਚ'




'ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰ'। ਗੁਰਬਾਣੀ ਦੀ ਇਸ ਤੁਕ ਵਿਚ ਇਹ ਮਹਾਨ ਸੱਚਾਈ ਛੁਪੀ ਹੋਈ ਹੈ ਕਿ ਸੱਚ ਮਨੁੱਖੀ ਜੀਵਨ ਨੂੰ ਉੱਚਾ ਕਰਦਾ ਹੈ। ਅਜਿਹਾ ਵਿਅਕਤੀ, ਜੋ ਸੱਚ ਦੀ ਧਾਰਨੀ ਹੈ, ਆਪਣੇ ਜੀਵਨ ਵਿਚੋਂ ਹਨ੍ਹੇਰਾ ਦੂਰ ਕਰਕੇ ਰੌਸ਼ਨੀ ਪੈਦਾ ਕਰਨ ਲਈ ਯਤਨਸ਼ੀਲ ਰਹਿੰਦਾ ਹੈ।




**ਪ੍ਰੋ. (ਡਾ.) ਦਵਿੰਦਰ ਸਿੰਘ**

**ਪਿੰਡ ਅਟੱਲਗੜ੍ਹ (ਮੁਕੇਰੀਆਂ)**

**99156-11155**


ਸੱਚਾ ਜੀਵਨ ਗੁਜਾਰ ਰਿਹਾ ਵਿਅਕਤੀ ਹੀ ਮਾਨਸਿਕ ਸੰਤੁਸ਼ਟੀ ਅਤੇ ਦਇਆ ਵਰਗੇ ਗੁਣ ਪ੍ਰਾਪਤ ਕਰ ਸਕਦਾ ਹੈ। ਜਿਹੜਾ ਵਿਅਕਤੀ ਆਪਣੇ ਪਾਪ ਨੂੰ ਲੁਕਾਉਣ ਲਈ ਝੂਠ ਦਾ ਆਸਰਾ ਲੈਂਦਾ ਹੈ ਉਹ ਮਹਾਂ ਪਾਪੀ ਬਣ ਜਾਂਦਾ ਹੈ। ਪਰ ਜੋ ਵਿਅਕਤੀ ਸੱਚ ਦਾ ਪੱਲਾ ਨਹੀਂ ਛੱਡਦਾ ਉਹ ਪਾਪ ਤੋਂ ਬਚਿਆ ਰਹਿੰਦਾ ਹੈ ਅਤੇ ਆਪਣੇ ਵਿਚ ਹਰ ਬੁਰਾਈ ਨੂੰ ਆਉਣ ਤੋਂ ਰੋਕਦਾ ਹੈ। ਸਾਡਾ ਸਮਾਜ ਉਹਨਾਂ ਵਿਅਕਤੀਆਂ ਨਾਲ ਭਰਿਆ ਪਿਆ ਹੈ ਜੋ ਆਪਣਾ ਨਿੱਜੀ ਲਾਭ ਕਰਨ ਦੇ ਮੌਕੇ ਦੀ ਭਾਲ ਵਿਚ ਰਹਿੰਦੇ ਹਨ। ਉਹ ਸੱਚ ਦੇ ਰਸਤੇ ਤੋਂ ਭਟਕ ਜਾਂਦੇ ਹਨ ਅਤੇ ਸੱਚ ਵਰਗੇ ਮਹਾਨ ਗੁਣ ਨੂੰ ਅਣਗੌਲਿਆ ਕਰ ਛੱਡਦੇ ਹਨ। ਅਜਿਹੇ ਲੋਕਾਂ ਦੀ ਸਮੱਸਿਆ ਇਹ ਹੁੰਦੀ ਹੈ ਕਿ ਸੁਆਰਥ ਹੀ ਉਹਨਾਂ ਲਈ ਇਕ ਟੀਚਾ ਬਣ ਜਾਂਦਾ ਹੈ। ਵਿਅਕਤੀ ਦੁਨਿਆਵੀ ਪਦਾਰਥਾਂ ਵਿਚ ਜਿੰਨਾ ਗਲਤਾਨ ਹੁੰਦਾ ਜਾਵੇਗਾ, ਅੰਦਰੋਂ ਉਹ ਓਨਾ ਹੀ ਖੋਖਲਾ ਅਤੇ ਅਸੁਰੱਖਿਅਤ ਮਹਿਸੂਸ ਕਰੇਗਾ। ਉਹ ਜਿੰਨਾ ਅਧਿਕ ਪ੍ਰਾਪਤ ਕਰਦਾ ਜਾਵੇਗਾ ਓਨੀ ਹੀ ਇਸ ਵਿਚ ਹੋਰ ਪ੍ਰਾਪਤ ਕਰਨ ਦੀ ਇੱਛਾ ਵਧਦੀ ਜਾਵੇਗੀ। ਇਹ ਇਕ ਅਜਿਹੀ ਤੀਬਰ ਇੱਛਾ ਬਣ ਜਾਂਦੀ ਹੈ ਜਿਸ ਦਾ ਕੋਈ ਅੰਤ ਨਹੀਂ ਹੁੰਦਾ। ਉਲਟਾ ਇਹ ਮਨੁੱਖ ਤੇ ਅੰਦਰੂਨੀ ਠਹਿਰਾਉ ਅਤੇ ਸ਼ਾਂਤੀ ਨੂੰ ਨਸ਼ਟ ਕਰਨ ਲੱਗਦੀ ਹੈ। ਤਾਂ ਹੀ ਬਹੁਤ ਸਾਰੇ ਚਿੰਤਕਾਂ ਦਾ ਇਹ ਮੰਨਣਾ ਹੈ ਕਿ ਸੱਚੀ ਖੁਸ਼ੀ ਪ੍ਰਾਪਤ ਕਰਨ ਵਿਚ ਨਹੀਂ ਸਗੋਂ ਕਮਾਉਣ ਵਿਚ ਹੈ, ਕਬਜ਼ਾ ਕਰਨ ਵਿਚ ਨਹੀਂ ਸਗੋਂ ਵੰਡਣ ਅਤੇ ਦੇਣ ਵਿਚ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ 'ਮੁਕਤੀ ਸੱਚ ਨੂੰ ਜੀਉਣ ਵਿਚ ਹੈ.' (Salvation comes by living the truth)

ਮਹਾਤਮਾ ਬੁੱਧ ਜੀ ਵੀ ਕਹਿੰਦੇ ਹਨ ਕਿ 'ਇੱਛਾ ਸਾਰੇ ਦੁੱਖਾਂ ਦੀ ਜੜ੍ਹ ਹੈ।' ਉਹ ਆਖਦੇ ਹਨ ਕਿ 'ਨਿਰਵਾਣ' ਪ੍ਰਾਪਤੀ ਲਈ ਲਾਜ਼ਮੀ ਹੈ ਕਿ ਵਿਅਕਤੀ ਪੂਰਨ ਪਵਿੱਤਰਤਾ ਵਿਚੋਂ ਆਪਣੀ ਬੁੱਧੀ ਦਾ ਵਿਕਾਸ ਕਰੇ ਅਤੇ ਉਹਨਾਂ ਸਾਰੀਆਂ ਇੱਛਾਵਾਂ, ਜੋ ਵਿਅਕਤੀ ਲਈ ਠੀਕ ਨਹੀਂ ਹਨ, ਦਾ ਤਿਆਗ ਕਰ ਦੇਵੇ। ਬੁੱਧ ਨੂੰ ਜਦੋਂ ਗਿਆਨ ਦੀ ਰੌਸ਼ਨੀ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਆਪਣਾ ਪਹਿਲਾ ਗੁਰ-ਮੰਤਰ ਸਾਰਨਾਥ ਵਿਖੇ ਲੋਕਾਂ ਸਾਹਮਣੇ ਰੱਖਿਆ। ਉਨ੍ਹਾਂ ਨੇ ਦੱਸਿਆ ਕਿ ਮਨੁੱਖ ਹਨ੍ਹੇਰੇ ਵਿਚ ਭਟਕਦਾ ਫਿਰਦਾ ਹੈ ਕਿਉਂਕਿ ਉਸ ਨੇ ਅਜੇ ਸੱਚ ਦੀ ਰੌਸ਼ਨੀ ਨੂੰ ਨਹੀਂ ਦੇਖਿਆ। ਇਸ ਹਨ੍ਹੇਰੇ ਨੂੰ ਪਹਿਲਾਂ ਦੂਰ ਕਰਨਾ ਹੋਵੇਗਾ। ਜਿਵੇਂ ਇਕ ਡਾਕਟਰ ਪਹਿਲਾਂ ਮਰੀਜ਼ ਦੀ ਬਿਮਾਰੀ ਦੀ ਪਹਿਚਾਣ ਕਰਦਾ ਹੈ ਅਤੇ ਫਿਰ ਇਲਾਜ ਦਾ ਢੰਗ ਨਿਸ਼ਚਿਤ ਕਰਾ ਹੈ। ਠੀਕ ਇਸੇ ਪ੍ਰਕਾਰ ਇਕ ਵਿਅਕਤੀ ਨੂੰ ਪਹਿਲਾਂ ਆਪਣੇ ਦੁੱਖ ਦੇ ਸਰੋਤ ਤੋਂ ਜਾਣੂ ਹੋਣਾ ਹੋਵੇਗਾ। ਨਿਰਵਾਣ ਦਾ ਰਸਤਾ ਇਲਾਜ ਹੈ। ਜੋ ਵਿਅਕਤੀ ਇਹ ਰਸਤਾ ਲੱਭ ਲੈਂਦਾ ਹੈ ਉਹ ਦੁੱਖ, ਬਿਮਾਰੀ ਅਤੇ ਮੌਤ ਤੋਂ ਉੱਪਰ ਉੱਠ ਜਾਂਦਾ ਹੈ। ਇਸ ਧਰਤੀ ਉੱਤੇ ਜੀਵਨ ਦੇ ਬੰਧਨ ਉਸ ਨੂੰ ਜ਼ਿਆਦਾ ਦੇਰ ਬੰਨ੍ਹ ਨਹੀਂ ਸਕਦੇ।

ਜਿਨ੍ਹਾਂ ਲੋਕਾਂ ਨੂੰ ਅਸੀਂ ਸਫਲ ਕਹਿੰਦੇ ਹਾਂ ਉਹਨਾਂ ਵਿਚ ਧਨ ਅਤੇ ਸ਼ਕਤੀ ਲਈ ਪਗਲਾਂ ਵਾਲੀ ਦੌੜ ਲੱਗੀ ਹੋਈ ਹੈ। ਇਕ-ਦੂਜੇ ਤੋਂ ਅੱਗੇ ਨਿਕਲਣਾ, ਸ਼ਕਤੀ ਪ੍ਰਾਪਤ ਕਰਨਾ, ਸ਼ੁਹਰਤ ਹਾਸਲ ਕਰਨਾ ਆਦਿ ਸਭ ਮਨੁੱਖੀ ਨਿਰਾਸ਼ਾ ਅਤੇ ਉਦਾਸੀ ਦੇ ਸਰੋਤ ਹਨ ਜਿਨ੍ਹਾਂ ਕਰਕੇ ਮਨੁੱਖ ਇਕੱਲ (Isolation) ਦਾ ਵੀ ਸ਼ਿਕਾਰ ਹੋ ਰਿਹਾ ਹੈ। ਅਸੀਂ ਦੇਖਦੇ ਹਾਂ ਕਿ ਮਨੁੱਖ ਦੁਨੀਆਂ ਤੋਂ ਮੁੱਖ ਮੋੜ ਕੇ, ਸੰਬੰਧਾਂ ਨੂੰ ਤੋੜ ਕੇ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭੱਜਣ ਵਿਚੋਂ ਸ਼ਾਂਤੀ ਲੱਭਦਾ ਹੈ। ਪਰ ਮਨੁੱਖ ਨੂੰ ਚੰਗਿਆਈ ਅਤੇ ਉਚਿੱਤਤਾ ਉੱਤੇ ਧਿਆਨ ਕੇਂਦ੍ਰਿਤ ਕਰਨਾ ਹੋਵੇਗਾ। ਭਾਵ ਉਸ ਨੂੰ ਸਾਰੀਆਂ

ਗਲਤ ਸੋਚਾਂ ਨੂੰ ਤਿਆਗਣਾ ਹੋਵੇਗਾ ਅਤੇ ਮਨ ਨੂੰ ਚੰਗੇ ਪਾਸੇ ਤੋਰਨਾ ਹੋਵੇਗਾ। ਸਿਧਾਰਥ ਨੇ ਜਵਾਨੀ ਦੀ ਉਮਰ ਵਿਚ ਆਪਣੀ ਸੁੰਦਰ ਪਤਨੀ, ਪਿਆਰੇ ਬੱਚੇ, ਮਾਂ-ਬਾਪ, ਤਖ਼ਤ ਅਤੇ ਸ਼ਾਨੋ-ਸ਼ੌਕਤ ਤਿਆਗ ਦਿੱਤੇ ਸਨ। ਉਸ ਨੇ ਇਸ ਤਰ੍ਹਾਂ ਇਸ ਲਈ ਕੀਤਾ ਤਾਂ ਕਿ ਸੱਚਾਈ ਨੂੰ ਸਮਝਿਆ ਜਾ ਸਕੇ। ਬੁੱਧ ਨੇ ਮਨੁੱਖ ਨੂੰ ਹੀ ਜੀਵਨ ਦੀ ਸਾਰਥਿਕਤਾ ਜਾਂ ਵਿਅਰਥਤਾ ਲਈ ਜ਼ਿੰਮੇਵਾਰ ਦੱਸਿਆ। ਬੁੱਧ ਦਾ ਕਥਨ ਹੈ – "ਤੁਸੀਂ ਜੋ ਵੀ ਬਣਦੇ ਹੋ, ਉਸ ਲਈ ਖ਼ੁਦ ਜ਼ਿੰਮੇਵਾਰ ਹੋ।"

ਕੋਈ ਵਿਅਕਤੀ ਜਨਮ ਤੋਂ ਮਹਾਨ ਜਾਂ ਨੀਵਾਂ ਨਹੀਂ ਹੁੰਦਾ। ਮਨੁੱਖ ਨੂੰ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਧਾਰਮਿਕ ਗੀਤਾਂ ਜਾਂ ਬਲੀ ਦੇਣ ਦੀ ਲੋੜ ਨਹੀਂ ਅਤੇ ਨਾ ਹੀ ਪਾਦਰੀਆਂ ਜਾਂ ਪੁਜਾਰੀਆਂ ਦੀ ਮੱਦਦ ਦੀ ਲੋੜ ਹੁੰਦੀ ਹੈ। ਲੋੜ ਹੈ ਆਤਮ-ਚਿੰਤਨ ਜਾਂ ਆਤਮ-ਨਿਰੀਖਣ ਅਤੇ ਆਤਮ-ਅਨੁਭਵ ਦੀ। ਮਨੁੱਖ ਆਪਣਾ ਜੀਵਨ ਭੇਡਾਂ ਜਾਂ ਘੋੜਿਆਂ ਦੀ ਬਲੀ ਦੇ ਕੇ ਭਾਵ-ਪੂਰਨ ਅਤੇ ਸੁਖਮਈ ਨਹੀਂ ਬਣਾ ਸਕਾਦ। ਉਸ ਨੂੰ ਰੌਸ਼ਨੀ ਨੂੰ ਆਪਣੇ ਅੰਦਰ ਜਗਦੇ ਰੱਖਣਾ ਹੋਵੇਗਾ। ਉਸ ਨੂੰ ਇੱਛਾ, ਗੁੱਸੇ, ਘੁਮੰਡ ਅਤੇ ਈਰਖਾ ਉੱਤੇ ਕਾਬੂ ਪਾਉਣਾ ਹੋਵੇਗਾ। ਸੱਚੇ-ਸੁੱਚੇ ਆਚਰਨ ਵਾਲਾ ਮਨੁੱਖ ਉਹ ਹੀ ਹੁੰਦਾ ਹੈ ਜੋ ਆਪਣੇ ਆਪ ਅਤੇ ਆਪਣੇ ਆਲੇ-ਦੁਆਲੇ ਪ੍ਰਤੀ ਸੁਹਿਰਦ ਹੋਵੇ। ਉਹ ਕਥਨੀ-ਕਰਨੀ ਦਾ ਪੂਰਾ ਹੋਵੇ। ਉਸ ਦਾ ਉਪਰੋਂ ਦਿਖਾਵਾ ਕੁਝ ਹੋਰ ਤੇ ਅੰਦਰੋਂ ਕੁਝ ਹੋਰ ਨਹੀਂ ਹੋਣਾ ਚਾਹੀਦਾ। ਉਹ ਖ਼ੁਦਗਰਜ਼, ਲਾਲਚੀ, ਮੌਕਾਪ੍ਰਸਤ, ਚੌਧਰ ਦਾ ਭੁੱਖਾ ਤੇ ਖ਼ੁਸ਼ਾਮਦੀ ਨਹੀਂ ਹੋਣਾ ਚਾਹੀਦਾ। ਉਸ ਦਾ ਮੂੰਹ 'ਤੇ ਬੀਬੀ ਦਾਹੜੀ ਪਰ ਅੰਦਰੋਂ ਕਾਲੇ ਕਾਂਵਾਂ ਵਾਲਾ ਹਿਸਾਬ ਨਹੀਂ ਹੋਣਾ ਚਾਹੀਦਾ। ਉਸ ਵਿਚ ਸੱਚ ਕਹਿਣ ਦੀ ਦਲੇਰੀ ਹੋਣੀ ਚਾਹੀਦੀ ਹੈ। ਸੱਚ ਕਹਿੰਦਿਆਂ ਤੇ ਕਰਦਿਆਂ ਉਸ 'ਤੇ ਕਿਸੇ ਦਾ ਡਰ-ਭਉ ਨਹੀਂ ਹੋਣਾ ਚਾਹੀਦਾ। ਗੁਰੂ ਨਾਨਕ ਦੇਵ ਜੀ ਨੇ ਬਾਬਰ ਵਰਗੇ ਜਰਵਾਣੇ ਦੀ ਤਲਵਾਰ ਦੀ ਪਰਵਾਹ ਨਾ ਕਰਦੇ ਹੋਏ ਉਸ ਦੇ ਜ਼ਬਰ-ਜ਼ੁਲਮ ਦੀ ਨਿਖੇਧੀ ਕਰਦਿਆਂ ਹੋਇਆ ਕਿਹਾ ਸੀ –

**ਸਚੁ ਕੀ ਬਾਣੀ ਨਾਨਕ ਆਖੈ,**
**ਸਚੁ ਸੁਣਾਇਸੀ ਸਚ ਕੀ ਬੇਲਾ॥**

ਇਸ ਤਰ੍ਹਾਂ ਮਨੁੱਖ ਨੂੰ ਜੀਵਨ ਵਿਚ ਨਿਡਰਤਾ ਪੈਦਾ ਕਰਨੀ ਹੋਵੇਗੀ। ਜੀਵਨ ਵਿਚ ਦੁੱਖ 'ਤੇ ਕਾਬੂ ਪਾਉਣ ਲਈ ਉਸ ਨੂੰ ਠੀਕ ਸੋਚ, ਉਚਿੱਤ ਵਿਹਾਰ ਅਤੇ ਉੱਚਾ-ਸੁੱਚਾ ਜੀਵਨ ਜਿਊਣਾ ਹੋਵੇਗਾ। ਮਨੁੱਖ ਨੂੰ ਜੀਵਨ ਵਿਚ ਸਮੱਸਿਆਵਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਥਾਮਸ ਬਲੈਂਡ ਨੇ ਠੀਕ ਕਿਹਾ ਹੈ – "ਜੇਕਰ ਤੁਹਾਨੂੰ ਸਮੱਸਿਆਵਾਂ ਪੇਸ਼ ਨਹੀਂ ਆਉਂਦੀਆਂ ਤਾਂ ਤੁਸੀਂ ਵਿਕਾਸ ਦੇ ਮੌਕੇ ਨੂੰ ਗਵਾ ਰਹੇ ਹੋ।"

ਮਨੁੱਖ ਨੂੰ ਇਸ ਸੋਚ ਦਾ ਧਾਰਨੀ ਨਹੀਂ ਹੋਣਾ ਚਾਹੀਦਾ ਕਿ ਦੁੱਖਾਂ ਦੇ ਸਮੁੰਦਰ ਵਿਚ ਸੱਚੀ ਖ਼ੁਸ਼ੀ ਮਹਿਸੂਸ ਨਹੀਂ ਕੀਤੀ ਜਾ ਸਕਦੀ। ਸ਼ਾਂਤੀ ਅਤੇ ਖ਼ੁਸ਼ੀ ਦਾ ਇਕ ਮਾਤਰ ਸਰੋਤ ਇਹ ਹੈ ਕਿ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨਾਲੋਂ ਵਿਰਾਗ ਉੱਪਰ ਢੰਗ ਨਾਲ ਕਾਬੂ ਪਾਇਆ ਜਾਵੇ। ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਇਮਾਨਦਾਰੀ ਨਾਲ ਕੰਮ ਕਰਦੇ ਹਾਂ ਅਤੇ ਉਸ ਦੇ ਫਲ ਨੂੰ ਦੂਸਰਿਆਂ ਨਾਲ ਵੰਡਦੇ ਹਾਂ। ਅਜਿਹੇ ਕੰਮ ਦੁਆਰਾ ਹੀ ਇਕ ਮਨੁੱਖ ਆਪਣੀ ਅੰਦਰੂਨੀ ਦੁਨੀਆਂ ਨੂੰ ਬਾਹਰੀ ਦੁਨੀਆਂ ਨਾਲ ਉਚਿੱਤ ਰੂਪ ਵਿਚ ਜੋੜ ਸਕਦਾ ਹੈ।

ਮਨੁੱਖ ਆਪਣੀ ਇਕੱਲ ਅਤੇ ਨਾ-ਖ਼ੁਸ਼ੀ ਉੱਪਰ ਦੂਸਰਿਆਂ ਤੱਕ ਪਹੁੰਚ ਕਰਕੇ ਅਤੇ ਉਹਨਾਂ ਲਈ ਲਾਭਦਾਇਕ ਸਿੱਧ ਹੋ ਕੇ ਕਾਬੂ ਪਾ ਸਕਦਾ ਹੈ। ਖ਼ੁਸ਼ ਉਹ ਹੈ ਜੋ ਦੂਸਰਿਆਂ ਨੂੰ ਖ਼ੁਸ਼ ਕਰਦਾ ਹੈ। ਇਸ ਸੰਦਰਭ ਵਿਚ ਇਕ ਵਿਅਕਤੀ ਆਪਣੀ ਮਹਾਨਤਾ ਨੂੰ ਉਹਨਾਂ ਪਵਿੱਤਰ ਆਤਮਾਵਾਂ ਜਿਨ੍ਹਾਂ ਨੇ ਕੁਝ ਦੇ ਕੇ ਵੰਡ ਕੇ ਸਵੈ-ਪੂਰਨਤਾ ਪ੍ਰਾਪਤ ਕੀਤੀ, ਨਾਲ ਜੋੜ ਕੇ ਦੇਖ ਸਕਦਾ ਹੈ। ਅਜਿਹੇ ਵਿਅਕਤੀ ਦਇਆ ਅਤੇ ਉਦਾਰਤਾ ਸਦਕਾ ਖ਼ੁਸ਼ੀਆਂ ਵੰਡਦੇ ਹਨ ਅਤੇ ਨਿਰਾਸ਼ਾ ਦੇ ਹਨ੍ਹੇਰੇ ਵਿਚ ਘਿਰੀਆਂ ਕਈ ਆਤਮਾਵਾਂ ਨੂੰ ਉਮੀਦ ਦਾ ਰਸਤਾ ਦਿਖਾਉਂਦੇ ਹਨ।

ਅੱਜ ਦੇ ਪਦਾਰਥਵਾਦੀ ਸਮਾਜ ਦੀ ਭੱਜ-ਦੌੜ ਨੇ ਜਿੱਥੇ ਮਨੁੱਖ ਦੀ ਸ਼ਾਂਤੀ ਭੰਗ ਕਰ ਦਿੱਤੀ ਹੈ ਉਥੇ ਅਜਿਹੇ ਸੁਹਿਰਦ ਅਤੇ ਸੱਚੇ ਦੋਸਤਾਂ ਦੀ ਹੋਂਦ ਨੇ ਮਨੁੱਖੀ ਜੀਵਨ ਵਿਚ ਉਮੀਦ ਨੂੰ ਕਾਇਮ ਰੱਖਿਆ ਹੈ। ਇਥੇ ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੁਆਰਾ ਪੈਦਾ ਕੀਤੇ ਦੁੱਖਾਂ ਦੇ ਬਾਵਜੂਦ ਵੀ ਸਾਡਾ ਚੌਗਿਰਦਾ ਨਾ-ਉਮੀਦੀ ਵਾਲਾ ਨਹੀਂ ਕਿਉਂਕਿ ਇਸ ਵਿਚ ਹੀ ਕੁਝ ਚੰਗੇ ਅਤੇ ਸੱਚੇ ਸੁੱਚੇ ਮਨੁੱਖ ਵੀ ਰਹਿ ਰਹੇ ਹਨ। ਅਜਿਹੇ ਭਲੇ ਮਨੁੱਖਾਂ ਦੇ ਨਕਸ਼ੇ-ਕਦਮ ਤੇ ਚੱਲ ਕੇ ਇਕ ਵਿਅਕਤੀ ਸੱਚ ਦਾ ਪਾਂਧੀ ਬਣ ਕੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

**ਜੇ ਆਈ ਪਤਝੜ ਤਾਂ ਫੇਰ ਕੀ ਹੈ**
**ਤੂੰ ਅਮਲੀ ਰੁੱਤ 'ਚ ਯਕੀਨ ਰੱਖੀ,**
**ਮੈਂ ਲੱਭ ਕੇ ਕਿਤਿਓਂ ਲਿਆਉਨਾ ਕਲਮਾਂ**
**ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀ।**

**ਸੁਰਜੀਤ ਪਾਤਰ**

# ਅਨਮੋਲ ਜਿਸਮ

ਇੰਜ. ਨਰੰਜਨ ਸਿੰਘ ਵਿਰਕ ਮੋਹਾਲੀ

ਕੱਲ ਤੇ ਅੱਜ ਵਿਚ ਕਿੰਨਾ ਅੰਤਰ ਹੈ। ਕੱਲ੍ਹ ਸ. ਦਸੌਂਦਾ ਸਿੰਘ ਸਫ਼ਲ ਵਪਾਰੀ, ਫੈਕਟਰੀ ਦਾ ਮਾਲਕ ਐਸ਼ ਦੀ ਜ਼ਿੰਦਗੀ ਬਿਤਾਅ ਰਿਹਾ ਸੀ ਤੇ ਅੱਜ ਦੇ ਦਿਨ ਡਾਕਟਰਾਂ ਦੇ ਕਥਨ ਅਨੁਸਾਰ ਉਹ ਚੰਦ ਦਿਨਾਂ ਦਾ ਮਹਿਮਾਨ ਹੈ। ਕਦੇ ਨਾਗਾ ਨਹੀਂ ਪਾਇਆ। ਰੋਜ਼ ਦਿਨ ਢਲਣ ਤੋਂ ਪਹਿਲਾਂ ਹੀ ਸ਼ੁਰੂ ਕਰ ਲੈਂਦਾ-ਜਿਤਨਾ ਚਿਰ ਡਿੱਗਦਾ ਨਹੀਂ-ਹਟਦਾ ਨਹੀਂ। ਲੋਕ ਤਾਂ ਮਨ ਦੀ ਸ਼ਾਂਤੀ ਵਾਸਤੇ ਗੁਰਦੁਆਰੇ ਮੰਦਿਰ ਜਾਂਦੇ ਹਨ ਇਸਨੇ ਪੂਜਾ ਪਾਠ ਪੁੰਨਦਾਨ ਤਾਂ ਕੀ ਕਰਨਾ ਸੀ ਦਿਮਾਗ਼ ਦਾ ਗਲਤ ਉਪਯੋਗ ਕਰਕੇ ਹਰੀਜਨਾਂ ਦੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ। ਦਸੌਂਦਾ ਸਿੰਘ ਦੀ ਘਰਵਾਲੀ ਨੇ ਇਕੋ ਸਾਹ ਸਾਰੀ ਰਾਮ-ਕਹਾਣੀ ਸੁਣਾ ਦਿੱਤੀ।

ਪੀ.ਜੀ.ਆਈ. ਵਿਚ ਡਾਕਟਰਾਂ ਦਾ ਕਹਿਣਾ ਸੀ : ਸ਼ਰਾਬ ਨੇ ਗੁਰਦੇ ਫੇਲ੍ਹ ਕਰਤੇ, ਆਪਣੇ ਜਿਸਮ ਦੀ ਸੰਭਾਲ ਵਾਸਤੇ ਕਦੇ ਕੋਈ ਯੋਗਾ ਕੈਂਪ ਨਹੀਂ ਲਾਇਆ-ਸਵੇਰ/ਸ਼ਾਮ ਦੀ ਸੈਰ ਨਹੀਂ ਕੀਤੀ-ਸ਼ੂਗਰ ਦੀ ਬਿਮਾਰੀ ਹੋ ਗਈ-ਅੱਖਾਂ ਦੀ ਜੋਤ ਘੱਟ ਗਈ ਹੈ। ਦਿਨ ਰਾਤ ਪੈਸੇ ਬਣਾਉਣ ਦੀ ਰੈਟ-ਰੇਸ ਵਿਚ ਕੋਈ ਖਾਣੇ ਨੂੰ ਨਿਯਮ ਨਾਲ ਨਹੀਂ ਖਾਧਾ। ਬੱਚਿਆਂ/ਜ਼ਨਾਨੀ ਨਾਲ ਕਦੇ ਕੋਈ ਛੁੱਟੀਆਂ ਨਹੀਂ ਮਨਾਈਆਂ। ਦਿਲ ਤੇ ਬਹੁਤ ਬੁਰਾ ਅਸਰ ਹੋਇਆ-ਕਦੇ ਵੀ ਫੇਲ੍ਹ ਹੋ ਸਕਦਾ ਹੈ।

ਬਿਮਾਰੀਆਂ ਤੋਂ ਰਹਿਤ ਹੋਣ ਵਾਸਤੇ ਕਿੰਨਾ ਕੁ ਪੈਸਾ ਚਾਹੀਦਾ ਹੋਵੇਗਾ? ਪੁੱਛਣ ਤੇ ਡਾਕਟਰਾਂ ਨੇ ਸਿਰ ਹੀ ਹਿਲਾਤਾ-ਹੁਣ ਕੁਝ ਨਹੀਂ ਹੋ ਸਕਦਾ। ਸਿਰਫ ਗਿਣਤੀ ਦੇ ਦਿਨ ਹਨ।

ਸ. ਦਸੌਂਦਾ ਸਿੰਘ ਨੂੰ ਅੱਜ ਬੜਾ ਅਹਿਸਾਸ ਹੋਇਆ ਕਿ ਕਾਰ ਜੋ ਕੇ ਚਾਰ-ਪੰਜ ਲੱਖ ਰੁਪਏ ਦੀ ਹੋਵੇਗੀ, ਉਸ ਦੀ ਸਫਾਈ ਰੋਜ਼ ਕਰਦਾ ਸੀ। ਸਮੇਂ-ਸਮੇਂ ਤੇ ਸਰਵਿਸ ਵੀ ਕਰਵਾਉਂਦਾ ਸੀ, ਤੇਲ-ਪਾਣੀ ਬਦਲਦਾ ਸੀ, ਆਪਣੇ ਜਿਸਮ ਜੋ ਅਨਮੋਲ ਹੈ ਉਸ ਵਾਸਤੇ ਉਸ ਨੇ ਕੁਝ ਨਹੀਂ ਕੀਤਾ।

ਬਾਹਰ ਪਾਰਕ ਵਿਚ ਬੈਠੇ ਸ. ਦਸੌਂਦਾ ਸਿੰਘ ਆਪਣੀ ਬੀਤੀ ਜ਼ਿੰਦਗੀ ਦੇ ਬਾਰੇ ਸੋਚਦਾ ਰਹਿੰਦਾ ਅਤੇ ਉਸ ਨੇ ਫੈਸਲਾ ਕਰ ਲਿਆ ਬਾਕੀ ਦੇ ਦਿਨ ਉਹ ਨੇਕ ਕੰਮ ਹੀ ਕਰੇਗਾ।

ਤੁਰੰਤ ਹਰੀਜਨਾਂ ਦੀ ਜ਼ਮੀਨ ਜਿਸ ਤੇ ਨਜਾਇਜ਼ ਕਬਜ਼ਾ ਕੀਤਾ ਸੀ ਰਜਿਸਟਰੀ ਪਾੜ ਦਿੱਤੀ ਅਤੇ ਪਿੰਡ ਟੈਲੀਫ਼ੋਨ ਕਰਕੇ ਹਰੀਜਨਾਂ ਵੀਰਾਂ ਨੂੰ ਦੱਸ ਦਿੱਤਾ ਕਿ ਉਹ ਆਪਣੀ ਜ਼ਮੀਨ ਦੇ ਖੁਦ ਮਾਲਕ ਹਨ।

ਸ਼ਰਾਬ ਪੀਣੀ ਬੰਦ ਕਰਤੀ, ਸ਼ਰਾਬੀ ਸਾਥੀਆਂ ਨੂੰ ਵਾਧੂ ਸ਼ਰਾਬ ਪੀਣ ਦੇ ਨੁਕਸਾਨ ਬਾਰੇ ਜਾਣੂ ਕਰਵਾਇਆ ਅਤੇ ਅੱਗੇ ਤੋਂ ਸਾਫ਼ ਜ਼ਿੰਦਗੀ ਬਿਤਾਉਣ ਵਾਸਤੇ ਫੈਸਲਾ ਕਰ ਲਿਆ।

ਗਿਆਨੀ ਕਰਤਾਰ ਸਿੰਘ ਦੀ ਸਲਾਹ ਅਨੁਸਾਰ ਉਸ ਨੇ ਆਲੇ-ਦੁਆਲੇ ਪਿੰਡਾਂ 'ਚ ਦਰੱਖਤਾਂ ਦੇ ਬੂਟੇ ਲਾਉਣੇ ਸ਼ੁਰੂ ਕਰ ਦਿੱਤੇ। ਬਾਬੇ ਦੀ ਕਿਰਪਾ ਸਦਕਾ ਉਹ ਆਪਣੇ ਨੇਕ ਕੰਮਾਂ ਵਿਚ ਇੰਨਾ ਮਗਨ ਹੋ ਗਿਆ ਕਿ ਨੇਕ ਕੰਮਾਂ ਤੋਂ ਇਲਾਵਾ ਸਭ ਕੁਝ ਭੁੱਲ ਗਿਆ। ਸਵੇਰੇ ਚਾਰ ਵਜੇ ਉਠਣਾ, ਨਹਾ ਧੋ ਕੇ ਗੁਰਦੁਆਰੇ ਮੱਥਣ ਟੇਕਣ ਉਪਰੰਤ ਉਹ ਬੂਟੇ ਲਾਉਣ ਵਿਚ ਰੁੱਝ ਜਾਂਦਾ। ਬਿਮਾਰੀ ਬਾਰੇ ਬਿਲਕੁਲ ਭੁੱਲ ਗਿਆ। ਰਾਤ ਨੂੰ ਦੱਸ ਵਜੇ ਪਰਤ ਕੇ ਥੱਕਿਆ ਟੁੱਟਿਆ ਸੌਂ ਜਾਂਦਾ।

ਅਸਚਰਜਤਾ ਦੀ ਗੱਲ ਇਨ੍ਹਾਂ ਗੱਲਾਂ ਨੂੰ ਪੰਜ ਸਾਲ ਬੀਤ ਗਏ ਹਨ। ਡਾਕਟਰ ਜੋ ਇਸਨੂੰ ਚੰਦ ਦਿਨਾਂ ਦਾ ਮਹਿਮਾਨ ਬੋਲਦੇ ਸਨ ਹੁਣ ਉਸ ਦੇ ਨੇੜੇ ਜਾਣ ਤੋਂ ਸੰਗਦੇ ਹਨ।

## ਵਿਚਾਰ

* ਬੇਟੀ ਦੀ ਸ਼ਾਦੀ ਦੇ ਵਕਤ ਸਭ ਤੋਂ ਦੁਖੀ ਹਸਤੀ ਬਾਪ ਦੀ ਹੁੰਦੀ ਹੈ। (ਬੋਲਿਓ)
* ਬੇਟੀ ਦੇ ਜਨਮ ਉਪਰੰਤ ਗਮਗੀਨ ਹੋਣ ਵਾਲਾ ਮਨੁੱਖ ਬੇਵਕੂਫ਼ ਹੁੰਦਾ ਹੈ, ਜੋ ਮਨੁੱਖ ਬੇਟੀ ਦੇ ਜਨਮ ਤੇ ਖੁਸ਼ ਹੁੰਦਾ ਹੈ, ਉਹ ਅਕਲਮੰਦ ਹੈ, ਕਿਉਂਕਿ ਬੇਟਾ ਕਿਸੇ ਵੀ ਵਕਤ ਧੋਖਾ ਦੇ ਸਕਦਾ ਹੈ, ਜਦ ਕਿ ਬੇਟੀ ਵਫ਼ਾ ਨੂੰ ਆਪਣਾ ਫਰਜ਼ ਸਮਝਦੀ ਹੈ। (ਲਿਟਨ)
* ਬੇਟੀ ਨੂੰ ਬੋਝ ਨਾ ਸਮਝੋ ਕਿਉਂਕਿ ਬੁਢਾਪੇ ਵਿਚ ਤੁਸੀਂ ਵੀ ਉਸ ਉਪਰ ਬੋਝ ਬਣ ਸਕਦੇ ਹੋ। (ਲਿਨਕਰ)
* ਉਹ ਵਿਅਕਤੀ ਜੋ ਬੇਟੀਆਂ ਨੂੰ ਅੱਛੇ ਸੰਸਕਾਰ ਦੇਣ ਉਪਰੰਤ ਮਰ ਗਿਆ। ਉਹ ਵਿਅਕਤੀ ਮਰਨ ਦੇ ਬਾਵਜੂਦ ਵੀ ਜਿੰਦਾ ਹੈ। (ਹਿਟਲਰ)
* ਨੀਂਦ ਦੀ ਹਾਲਤ ਵਿਚ ਬੇਟੀ ਨੂੰ ਹੱਸਦੇ ਹੋਏ ਦੇਖ ਕੇ ਬਾਪ ਦੇ ਚੇਹਰੇ ਉਪਰ ਜੋ ਖੁਸ਼ੀ ਹੁੰਦੀ ਹੈ, ਉਸ ਦਾ ਬਿਆਨ ਨਾ ਕਵੀ ਦੀ ਕਲਮ, ਨਾ ਲੇਖਕ ਦੇ ਅਲਫਾਜ਼ ਤੇ ਨਾ ਹੀ ਪੇਂਟਰ ਦਾ ਬੁਰਸ਼ ਕਰ ਸਕਦਾ ਹੈ। (ਮਾਰਤਰ)
* ਬੇਟੀ ਕੁਦਰਤ ਦਾ ਅਨੂਠਾ ਉਪਹਾਲ ਹੈ। (ਬਰਨਰ)
* ਬੇਟੀ ਪ੍ਰਮੇਸ਼ਵਰ ਦੀ ਜਨਨੀ ਹੈ, ਦਾਤਾ, ਭਗਤ, ਸੂਰਮਾ ਪੈਦਾ ਕਰਦੀ ਹੈ। (ਸੰਤ ਬਾਣੀ)
* ਬੇਟੀ ਦੇ ਜਨਮ ਤੇ ਪੁੱਤਰ ਨਾਲੋਂ ਵੱਧ ਖੁਸ਼ੀ ਹੋਣੀ ਚਾਹੀਦੀ ਹੈ, ਹੋ ਸਕਦਾ ਹੈ ਕਿ ਬਾਪ ਨੂੰ ਬੇਟੀ ਦੇ ਦਰਵਾਜ਼ੇ ਤੇ ਹੀ ਰੋਟੀ ਨਸੀਬ ਹੋਵੇ। (ਸੰਤ ਸੁਰਜੀਤ)

# ਲੁਬਾਣਾ ਭਵਨ, ਚੰਡੀਗੜ੍ਹ ਵਿਚ ਰਿਹਾਇਸ਼ੀ ਅਤੇ ਸਮਾਗਮਾਂ ਲਈ ਬੁਕਿੰਗ ਸੰਬੰਧੀ ਰੇਟ ਲਿਸਟ

ਪਿਛਲੇਅ ਾਫਿਸਅ ਾਰਡਰਨ ੰ.-170,ਿ ਮਤੀ-26-08-2012ਦ ੇਲ ਗਾਤਾਰਤਾਦ ੇਸ ੰਬੰਧਾਂ ਵਰਚਾਂ ਮਤੀ 06-09-2014 ਨੂੰ ਹੋਈ ਵਰਕਿੰਗ ਕਮੇਟੀ ਦੇ ਲਏ ਗਏ ਫੈਸਲੇ ਅਨੁਸਾਰ ਰਿਹਾਇਸੀ ਅਤੇ ਨਾ ਰਿਹਾਇਸੀ ਸਹੂਲਤਾਂ ਦੇ ਹੇਠ ਲਿਖੇ ਰੇਟ ਅਤੇ ਵੇਰਵੇ ਨੂੰ ਵਰਕਿੰਗ ਕਮੇਟੀ ਦੇ ਮੈਂਬਰਾਂ ਦੁਆਰਾ ਪ੍ਰਵਾਨਗੀ ਦਿੱਤੀ ਗਈ । ਇਹ ਰੇਟ 06-09-2014 ਤੋਂ ਲਾਗੂ ਕੀਤੇ ਜਾਂਦੇ ਹਨ ਜੋ ਇਸ ਪ੍ਰਕਾਰ ਹਨ।

| | ਵੇਰਵਾ | ਰੇਟ (ਰੁਪਏ) | | ਰਿਮਾਰਕਸ |
|---|---|---|---|---|
| | | ਮੁੱਢਲੇ | ਸਰਵਿਸ ਟੈਕਸ ਸਮੇਤ | ਵੇਰਵਾ |
| ੳ) | ਗੁਰੂ ਲਾਧੋ ਰੇ ਮੇਨ ਆਡੀਟੋਰੀਯਮ/ ਸੰਤ ਪ੍ਰੇਮ ਸਿੰਘ ਮੇਨ ਹਾਲ | | (12.36%) | **60% 12.36% 40% (Booking S.Tax Donation)** |
| | i) ਮੇਨ ਹਾਲ (ਬਿਨਾਂ ਏ. ਸੀ. ਤੋਂ) | **28000** | **30077** | **(16800+ 2077+11200)** |
| | ii) ਮੇਨ ਹਾਲ (ਸਮੇਤ ਏ. ਸੀ. 6 ਘੰਟੇ ਲਈ) | **34000 (28000+6000)** | **36521** | **(20400+2521+13600)** |
| | iii) ਵਾਧੂ ਏ.ਸ਼ੀ. ਰੇਟ (ਜੇਕਰ ਕੋਈ) | **AC** | | **(60% AC+ S.Tax (12.36%) + 40% AC)** |
| | iv) ਬੇਸਮੈਂਟ | **9000** | **9668** | **(5400+668+3600)** |
| | v) ਮੇਨ ਆਡੀਟੋਰੀਯਮ (ਬਿਨਾਂ ਏ. ਸੀ. ਤੋਂ) | **17000** | **18260** | **(10200+1261+6800)** |
| | vi) ਮੇਨ ਆਡੀਟੋਰੀਯਮ (ਸਮੇਤ ਏ. ਸੀ. 4 ਘੰਟੇ ਲਈ) | **21000 (17000+4000)** | **22,557** | **(12600+1557+8400)** |
| | vii) ਵਾਧੂ ਏ. ਸੀ. ਰੇਟ (ਜੇਕਰ ਕੋਈ) | **AC** | | **(60% AC+ S.Tax (12.36%) + 40% AC)** |
| ਅ) | ਭਾਈ ਮਨੀ ਸਿੰਘ ਬਲਾਕ | | | |
| | i) ਬਾਹਰ ਦੀ ਥਾਂ | **8,000** | **8594** | **(4800+594+3200)** |
| | ii) ਮਿਨੀ ਹਾਲ (ਬਿਨਾਂ ਏ. ਸੀ. ਤੋਂ) | **10000** | **10742** | **(6000+742+4000)** |
| | iii) ਮਿਨੀ ਹਾਲ (ਸਮੇਤ ਏ. ਸੀ. 6 ਘੰਟੇ ਲਈ) | **13000** | **13964** | **(7800+964+5200)** |
| | iv) ਵਾਧੂ ਏ. ਸੀ. ਰੇਟ (ਜੇਕਰ ਕੋਈ) | **AC** | | **(60% AC+ S.Tax (12.36%) + 40% AC)** |
| ੲ) | ਰਿਹਾਇਸੀ ਕਮਰੇ | | | |
| | i) ਪੁਰਾਣਾ ਬਲਾਕ (ਬਿਨਾਂ ਏ. ਸੀ. ਕਮਰਾ) | **400** | **430** | **(240+30+160)** |
| | ii) ਪੁਰਾਣਾ ਬਲਾਕ (ਏ. ਸੀ. ਕਮਰਾ) | **600** | **600** | **(330+41+229)** |
| | iii) ਏ. ਸੀ. ਕਮਰਾ (ਨਵੇਂ ਬਲਾਕ ਵਿਚ) | **1100** | **1100** | **(600+74+426)** |
| | iv) ਡਾਰਮੈਟਿਰੀ ਕਮਰਾ ਜਾਂ 400 ਰੁਪਏ ਪ੍ਰਤੀ ਬੈੱਡ | **1500** | **1500** | **(840+104+556)** |
| | v) ਪ੍ਰਤੀ ਵਿਦਿਆਰਥੀ ਬਿਨਾਂ ਏ. ਸੀ. ਕਮਰੇ ਤੋਂ | **100** | **100** | **(60+7+33)** |
| | vi) ਪ੍ਰਤੀ ਵਿਦਿਆਰਥੀ ਸਮੇਤ ਏ. ਸੀ. ਕਮਰਾ (ਪੁਰਾਣੇ ਬਲਾਕ ਵਿਚ | **150** | **150** | **(90+11+49)** |

## ਨੋਟ

1. ਕਮਰੇ, ਮੇਨ ਹਾਲ, ਬੇਸਮੈਂਟ, ਮਿਨੀ ਹਾਲ, ਖੁਲ੍ਹਾ ਵਿਹੜਾ ਅਤੇ ਰਸੋਈ ਦੀ ਜਗ੍ਹਾ ਵਾਸਤੇ ਮੈਂਬਰਾਂ ਅਤੇ ਉਨ੍ਹਾਂ ਦੇ ਬਚਿਆਂ ਵਾਸਤੇ 5● ਪ੍ਰਤੀਸਤ ਤੱਕ ਰਿਆਇਤ ਹੈ ।
2. ਇਹ ਰਿਆਇਤ ਮੈਂਬਰਾਂ ਅਤੇ ਹੋਰਨਾਂ ਵਾਸਤੇ ਕੇਵਲ 5 ਕਮਰਿਆਂ ਤੱਕ ਸੀਮਿਤ ਹੈ । ਇਸ ਤੋਂ ਵੱਧ ਕਮਰਿਆਂ ਲਈ ਪੂਰੇ ਪੈਸੇ ਲੱਗਣਗੇ ।
3. ਮਿਨੀ ਹਾਲ ਵਾਸਤੇ ਏ. ਸੀ. ਦੇ ਖਰਚੇ ਵਜੋਂ 3●●● ਰੁਪਏ ਕੇਵਲ 5 ਘੰਟਿਆਂ ਲਈ ਹਨ । ਇਸ ਤੋਂ ਉਪਰੰਤ 5●● ਰੁਪਏ ਪ੍ਰਤੀ ਘੰਟੇ ਦੀ ਦਰ ਨਾਲ ਵਸੂਲੇ ਜਾਣਗੇ ।
4. ਆਡੀਟਾਰੀਯਮ ਵਾਸਤੇ ਏ. ਸੀ. ਦੇ ਖਰਚੇ ਵਜੋਂ 4●●● ਰੁਪਏ ਕੇਵਲ 4 ਘੰਟਿਆਂ ਲਈ ਹਨ । ਇਸ ਤੋਂ ਉਪਰੰਤ 15●● ਰੁਪਏ ਪ੍ਰਤੀ ਘੰਟੇ ਦੀ ਦਰ ਨਾਲ ਵਸੂਲੇ ਜਾਣਗੇ ।
5. ਮੇਨ ਹਾਲ, ਮਿਨੀ ਹਾਲ, ਬੇਸਮੈਂਟ ਅਤੇ ਖੁਲੇ ਥਾਂ ਨਾਲ ਰਸੋਈ ਦੀ ਥਾਂ ਵਰਤਨ ਵਾਸਤੇ 4●●● ਰੁਪਏ ਦੁਪਹਿਰ ਦਾ ਖਾਣਾ (Lunch) ਜਾਂ ਰਾਤ ਦੇ ਖਾਣੇ (Dinner) ਲਈ ਹੋਣਗੇ ਅਤੇ 1●●● ਰੁਪਏ ਬ੍ਰੇਕਫਾਸਟ ਵਾਸਤੇ ਲਏ ਜਾਣਗੇ। ਰਿਆਇਤ ਕੇਵਲ ਲੜੀ ਨੰ. 1 ਅਤੇ 2 ਦੇ ਅਨੁਸਾਰ ਹੀ ਹੈ ।

## ਨੋਟ

1. ਫਾਊਂਡੇਸਨ ਕਿਰਾਏ ਲਈ ਰਿਹਾਇਸ ਕੇਵਲ ਉਪਲਬਧੀ ਅਨੁਸਾਰ ਪਹਿਲਾ ਆਉ ਅਤੇ ਪਹਿਲਾ ਪਾਓ ਅਨੁਸਾਰ ਹੀ ਕੀਤੀ ਜਾਵੇਗੀ। ਫਾਊਂਡੇਸਨ ਵਲੋਂ ਕੈਟਰਿੰਗ ਦਾ ਪ੍ਰਬੰਧ, ਜੇਨਰੇਟਰ ਦਾ ਪ੍ਰਬੰਧ ਨਹੀ ਕੀਤਾ ਜਾਵੇਗਾ। ਬੁਕਿੰਗ ਕਰਵਾਉਣ ਵਾਲਾ ਆਪਣਾ ਪ੍ਰਬੰਧ ਖੁਦ ਕਰੇਗਾ ਅਤੇ ਇਸ ਸੰਬੰਧੀ ਕੋਈ ਸਿਕਾਇਤ ਨਹੀਂ ਸੁਣੀ ਜਾਵੇਗੀ ।
2. ਭਵਨ ਵਿਚ ਕਿਸੇ ਤਰ੍ਹਾਂ ਸਰਾਬ ਦੀ ਵਰਤੋਂ ਦੀ ਪੂਰਨ ਮਨਾਹੀ ਹੈ ਭਾਵੇਂ ਉਹ ਕਿਸੇ ਵੀ ਰੂਪ ਵਿਚ ਕਿਉ ਨਾ ਹੋਵੇ ।

(ਜਨਰਲ ਸੱਕਤਰ)

ਬੇਨਤੀ :- ਸਮੂਹ ਮੈਂਬਰ ਸਾਹਿਬਾਨਾਂ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਉਪਰੋਕਤ ਰੇਟਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਵਿਚ ਸਹਿਯੋਗ ਦਿੱਤਾ ਜਾਵੇ। ਆਮ ਤੋਰ ਤੇ ਬਹੁਤ ਸਾਰੇ ਮੈਂਬਰ ਨਿਯਮਾਂ ਤੋਂ ਜਾਣੂ ਨਾ ਹੋਣ ਕਰਕੇ ਆਪਣੇ ਪਰਿਵਾਰ ਤੋਂ ਇਲਾਵਾ ਰਿਆਇਤਾਂ ਦਰਾਂ ਮੈਂਬਰਾਂ ਦੇ ਬਰਾਬਰ ਲਈ ਮਜਬੂਰ ਕਰਦੇ ਹਨ ਜੋ ਕਿ ਸੰਸਥਾ ਦੇ ਹਿਤ ਵਿਚ ਨਹੀਂ।

ਦਰਸ਼ਨ ਸਿੰਘ

# ਖੇਡਾਂ ਅਤੇ ਸਿੱਖ ਸੱਭਿਆਚਾਰ



ਗੁਰਮਤਿਸ`ਭਿਆਚਾਰਅ ਧਿਆਤਮਿਕੰ ਚੰਤਨਦ`ੇਨ ਾਲ-ਨਾਲ ਸਵੱਸਥ ਮਨ ਅਤੇ ਤੰਦਰੁਸਤ ਸਿਹਤ ਸੰਭਾਲ 'ਤੇ ਵੀ ਬਰਾਬਰ ਦਾ ਬਲ ਦੇਂਦਾ ਹੈ। ਇਸ ਬਲ ਦਾ ਕੇਂਦਰੀ ਭਾਵ ਇੰਦਰੀਆਂ ਨੂੰ ਸੰਜਮ ਅਤੇ ਵੱਸ ਵਿਚ ਰੱਖਣ ਦਾ ਹੈ।

